## ਅਨੁਲਗ-ਬੀ

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| 1) | 1) ਇੰਸਪੈਕਟਰ ਅਮਰਜੀਤ ਸਿੰਘ ਨੰ: 220/ਪੀਏਪੀ<br>2) ਇੰਸਪੈਕਟਰ ਪਰਵੇਸ਼ ਕੁਮਾਰ ਨੰ: 350/ਪੀਏਪੀ<br>3) ਇੰਸਪੈਕਟਰ ਸਤਨਾਮ ਸਿੰਘ ਨੰ: 207/ਪੀਏਪੀ<br>4) ਇੰਸਪੈਕਟਰ ਕਰਮਜੀਤ ਸਿੰਘ ਨੰ: 990/ਪੀਏਪੀ<br>5) ਇੰਸਪੈਕਟਰ ਨਿਰਮਲ ਸਿੰਘ ਨੰ: 942/ਪੀਏਪੀ<br>6) ਇੰਸਪੈਕਟਰ ਗੁਰਮੀਤ ਸਿੰਘ ਨੰ: 1113/ਪੀਏਪੀ<br>7) ਇੰਸਪੈਕਟਰ ਕੁਲਵੰਤ ਸਿੰਘ ਨੰ: 989/ਪੀਏਪੀ<br>8) ਇੰਸਪੈਕਟਰ ਦਰਸ਼ਨ ਸਿੰਘ ਨੰ: 256/ਪੀਏਪੀ<br>9) ਇੰਸਪੈਕਟਰ ਰਸਮਿੰਦਰ ਸਿੰਘ ਨੰ: 1461/ਪੀਏਪੀ<br>10) ਡੀ.ਐਸ.ਪੀ/ਸੀ.ਆਰ ਕ੍ਰਿਸ਼ਨ ਲਾਲ ਨੰ: 242/ਪੀਏਪੀ<br>11) ਇੰਸਪੈਕਟਰ ਰਜਨੀਸ਼ ਕੁਮਾਰ, ਨੰ: 94/ਪੀ.ਆਰ<br>12) ਇੰਸਪੈਕਟਰ ਸੰਜੀਵਨ ਗੁਰੂ, ਨੰ: 0134/ਪੀ.ਆਰ<br>13) ਇੰਸਪੈਕਟਰ ਸੁਭਾਸ਼ ਚੰਦਰ, ਨੰ: 193/ਜੇ.ਆਰ<br>14) ਇੰਸਪੈਕਟਰ ਸੁਖਦਰਸ਼ਨ ਸਿੰਘ ਨੰ: 478/ਪੀਏਪੀ॥<br>15) ਇੰਸਪੈਕਟਰ ਠਾਣਾ ਸਿੰਘ ਨੰ: 885/ਪੀਏਪੀ<br>16) ਇੰਸਪੈਕਟਰ ਮਹਿੰਦਰ ਸਿੰਘ, ਨੰ: 1294/ਪੀਏਪੀ<br>17) ਇੰਸਪੈਕਟਰ ਕਮਲ ਕਿਸ਼ੋਰ, ਨੰ: 813/ਪੀਏਪੀ<br>18) ਡੀ.ਐਸ.ਪੀ/ਸੀ.ਆਰ ਸਰਬਜੀਤ ਸਿੰਘ, ਨੰ: 132/ਪੀਏਪੀ<br>19) ਡੀ.ਐਸ.ਪੀ/ਸੀ.ਆਰ ਸੁਰਜੀਤ ਸਿੰਘ, ਨੰ: 822/ਪੀਏਪੀ<br>20) ਡੀ.ਐਸ.ਪੀ/ਸੀ.ਆਰ ਕੁਲਦੀਪ ਸਿੰਘ, ਨੰ: 820/ਪੀਏਪੀ | ਮਿਤੀ 05-12-2003 ਤੋਂ ਰੀਅਪੁਆਇੰਟ /ਅਡਜਸਟ ਕੀਤੇ ਖਿਡਾਰੀ ਕ੍ਰਮਚਾਰੀ ਪ੍ਰਤੀਬੇਨਤੀਕਰਤਾਵਾਂ ਤੋਂ ਜੂਨੀਅਰ ਹਨ, ਜਿਸ ਕਰਕੇ ਉਹਨਾਂ ਦੀ ਤਰੱਕੀ ਪ੍ਰਭਾਵਿਤ ਹੋਈ ਹੈ ।<br>10 ਖਿਡਾਰੀ ਕ੍ਰਮਚਾਰੀ ਜਿਨ੍ਹਾਂ ਨੂੰ ਪਹਿਲਾ ਮਿਤੀ 05-12-2003 ਤੋਂ ਬਤੌਰ ਐਸ.ਆਈ ਰੀਅਪੁਆਇੰਟ/ਅਡਜਸਟ ਕੀਤਾ ਗਿਆ ਸੀ, ਨੂੰ 15 ਸਾਲ ਬਾਅਦ ਐਸ.ਆਈ ਦੀ ਬਜਾਏ ਬਤੌਰ ਇੰਸਪੈਕਟਰ ਮਿਤੀ 05-12-2003 ਤੋਂ ਅਡਜਸਟ ਕੀਤਾ ਗਿਆ ਹੈ । ਇਸ ਕਰਕੇ ਉਹਨਾਂ ਦੀ ਸੀਨੀਆਰਤਾ ਪ੍ਰਭਾਵਿਤ ਹੋਈ ਹੈ ।<br>ਖਿਡਾਰੀ ਕ੍ਰਮਚਾਰੀਆਂ ਦੀ 60: 40 ਦੀ ਰੇਸ਼ੋ ਨਾਲ ਜਿਲ੍ਹਾ ਪੁਲਿਸ ਕੇਡਰ ਅਤੇ ਆਰਮਡ ਪੁਲਿਸ ਕੇਡਰ ਵਿੱਚ ਸੀਨੀਆਰਤਾ ਫਿਕਸ ਕੀਤੀ ਜਾਵੇ।<br>ਸਿਵਲ ਰਿੱਟ ਪਟੀਸ਼ਨ ਨੰ: 4986 /2012 ਦੇ ਫੈਸਲੇ ਆਉਣ ਤੱਕ 295 ਸਪੋਰਟਸਪਰਸਨ ਨੂੰ ਵੀ ਮਿਤੀ 05-12-2003 ਤੋਂ ਵੱਖ-ਵੱਖ ਰੈਕਾਂ ਵਿੱਚ ਦੁਬਾਰਾ ਭਰਤੀ ਨਾ ਕੀਤਾ ਜਾਵੇ। | ਸਾਲ 2004 ਵਿੱਚ ਆਰਮਡ ਬਟਾਲੀਅਨਜ਼ ਦੇ ਕੁੱਲ 337 ਖਿਡਾਰੀ ਕਰਮਚਾਰੀਆਂ ਨੂੰ, ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸੀ.ਡਬਲਯੂ.ਪੀ ਨੰ: 13788/1997 ਵਿੱਚ ਦਿੱਤੇ ਗਏ ਫ਼ੈਸਲੇ ਮਿਤੀ 21-04-1998 ਦੇ ਸਨਮੁੱਖ ਤਰੱਕੀ ਲਿਸਟ ਸੀ-2 ਦੇ 10% ਕੋਟੇ ਤੋਂ ਵੱਧ ਤਰੱਕੀਯਾਬ ਹੋਣ ਕਰਕੇ, ਬਤੌਰ ਸੀ-2 ਸਿਪਾਹੀ ਰਿਵਰਟ ਕੀਤਾ ਗਿਆ ਸੀ।ਪੰਜਾਬ ਸਰਕਾਰ ਵਲੋਂ ਇਨ੍ਹਾਂ ਰਿਵਰਟ ਕੀਤੇ ਖਿਡਾਰੀ ਕਰਮਚਾਰੀਆਂ ਨੂੰ ਉਨ੍ਹਾਂ ਦੇ ਪਹਿਲੇ ਵਾਲੇ ਰੈਂਕਾਂ ਵਿੱਚ ਐਡਜਸਟ ਕਰਨ ਲਈ ਨੋਟੀਫ਼ਿਕੇਸ਼ਨ ਨੰਬਰ 7/140/2003-5ਐਚ-3/175 ਮਿਤੀ 23-01-2004 ਰਾਹੀਂ 431 ਐਕਸ ਕੇਡਰ ਪੋਸਟਾਂ (ਡੀ.ਐਸ.ਪੀ/11, ਇੰਸਪੈਕਟਰ/35, ਐਸ.ਆਈ/57, ਏ.ਐਸ.ਆਈ/85, ਮੁੱਖ ਸਿਪਾਹੀ/184 ਅਤੇ ਸਿਪਾਹੀ/59) ਦੀ ਰਚਨਾਂ ਕੀਤੀ ਗਈ ਸੀ।ਉਕਤ ਰਿਵਰਟ ਕੀਤੇ 337 ਖਿਡਾਰੀ ਕਰਮਚਾਰੀਆਂ ਵਿੱਚੋਂ, 312 ਖਿਡਾਰੀ ਕਰਮਚਾਰੀ ਜੋ ਕਿ ਪੰਜਾਬ ਸਰਕਾਰ ਵਲੋਂ ਉਕਤ ਜਾਰੀ ਕੀਤੇ ਨੋਟੀਫ਼ਿਕੇਸ਼ਨ ਵਿੱਚ ਅੰਕਿਤ ਕੀਤੀ ਆਊਟ ਸਟੈਂਡਿੰਗ ਖਿਡਾਰੀ ਦੀ ਪਰਿਭਾਸ਼ਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਸਨ ਦੇ ਨਾਮ ਸ਼੍ਰੀ ਡੀ.ਆਰ. ਭੱਟੀ, ਆਈ.ਪੀ.ਐਸ ਉਸ ਸਮੇਂ ਦੇ ਮਾਨਯੋਗ ਏ.ਡੀ.ਜੀ.ਪੀ ਆਰਮਡ ਬਟਾਲੀਅਨਜ਼ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਸਰਕਾਰ ਵਲੋਂ ਪੱਤਰ ਨੰ: 7/140-03-5ਐਚ-3/4545 ਮਿਤੀ 05-12-2003 ਰਾਹੀਂ ਗਠਿਤ ਕੀਤੀ ਕਮੇਟੀ ਵਲੋਂ ਕੀਤੀ ਗਈ ਸਿਫ਼ਾਰਸ਼ ਦੇ ਅਧਾਰ ਤੇ ਉਨ੍ਹਾਂ ਦੇ ਰਿਵਰਸ਼ਨ ਤੋਂ ਪਹਿਲੇ ਵਾਲੇ ਰੈਂਕਾਂ (ਐਡਹਾਕ ਜਾਂ ਆਫ਼ੀਸ਼ੇਟਿੰਗ) ਵਿੱਚ ਨਵੀਂਆਂ ਮਿਤੀਆਂ ਤੋਂ ਭਰਤੀ ਕੀਤਾ ਗਿਆ ਸੀ।ਬਾਅਦ ਵਿੱਚ ਪੰਜਾਬ ਸਰਕਾਰ ਵਲੋਂ ਨੋਟੀਫ਼ਿਕੇਸ਼ਨ ਨੰ: 15/14/2005-5ਐਚ3/3149 ਮਿਤੀ 28-12-2006 ਰਾਹੀਂ ਰਚੀਆਂ ਗਈਆਂ ਐਕਸ ਕੇਡਰ ਪੋਸਟਾਂ ਵਾਪਸ ਲੈ ਕੇ, ਰਿਵਰਟ ਕੀਤੇ ਖਿਡਾਰੀ ਕਰਮਚਾਰੀਆਂ ਲਈ 295 ਹੁਣ 291 ਕੇਡਰ ਪੋਸਟਾਂ (ਡੀ.ਐਸ.ਪੀ/04, ਇੰਸਪੈਕਟਰ/22, ਐਸ.ਆਈ/53, ਏ.ਐਸ.ਆਈ/63 ਅਤੇ ਮੁੱਖ ਸਿਪਾਹੀ/153) ਦੀ ਰਚਨਾਂ ਕੀਤੀ ਗਈ ਜਿਨ੍ਹਾਂ ਦੇ ਖਿਲਾਫ਼ ਰਿਵਰਟ ਕੀਤੇ ਖਿਡਾਰੀ ਕਰਮਚਾਰੀਆਂ ਨੂੰ ਮਿਤੀ 05-12- |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | 21) ਡੀ.ਐਸ.ਪੀ/ਸੀ.ਆਰ ਤਰਸੇਮ ਸਿੰਘ, ਨੰ: 762/ਪੀਏਪੀ<br>22) ਇੰਸਪੈਕਟਰ ਮਹਿੰਦਰ ਸਿੰਘ, ਨੰ: 1095/ਪੀਏਪੀ<br>23) ਇੰਸਪੈਕਟਰ ਸੰਜੀਵ ਕੁਮਾਰ, ਨੰ: 338/ਬੀ.ਆਰ | | 2003 ਤੋਂ ਉਨ੍ਹਾਂ ਦੇ ਪਹਿਲੇ ਵਾਲੇ ਰੈਂਕਾਂ (ਐਡਹਾਕ ਜਾਂ ਆਫ਼ੀਸ਼ੇਟਿੰਗ) ਵਿੱਚ ਆਰਮਡ ਬਟਾਲੀਅਨਜ਼ ਵਿਖੇ ਰੀ-ਆਪੁਆਇੰਟ/ਐਡਜਸਟ ਕੀਤਾ ਗਿਆ ਸੀ।ਉਕਤ ਨੋਟੀਫ਼ਿਕੇਸ਼ਨ ਵਿੱਚ ਇਹ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ " The seniority of these 295 sportspersons is to be fixed from 05.12.2003 in their respective cadres. Their officiating service before 05.12.2003 is to be counted for pensionery benefits and for pay protection only and not for seniority purpose."<br>ਪ੍ਰਤੀਬੇਨਤੀਕਰਤਾਵਾਂ ਵੱਲੋਂ ਜਿਹੜੇ ਖਿਡਾਰੀ ਕ੍ਰਮਚਾਰੀਆਂ ਦੇ ਖਿਲਾਫ ਇਤਰਾਜ ਕੀਤਾ ਗਿਆ ਹੈ, ਉਹਨਾਂ ਨੂੰ ਪੰਜਾਬ ਸਰਕਾਰ ਵੱਲੋਂ ਰਚੀਆਂ ਗਈਆਂ ਉਕਤ 295 ਕੇਡਰ ਪੋਸਟਾਂ ਦੇ ਖਿਲਾਫ ਮਿਤੀ 05-12-2003 ਤੋਂ ਬਤੌਰ ਏ.ਐਸ.ਆਈ/ਐਸ.ਆਈ/ ਇੰਸਪੈਕਟਰ ਰੀਅਪੁਆਇੰਟ/ ਅਡਜਸਟ ਕੀਤਾ ਗਿਆ ਸੀ, ਜਿਸ ਦੇ ਅਧਾਰ ਤੇ ਇਹਨਾਂ ਖਿਡਾਰੀ ਕ੍ਰਮਚਾਰੀਆਂ ਨੂੰ ਸਬੰਧਤ ਰੈਂਕ ਦੀ ਸੀਨੀਆਰਤਾ ਪਰ ਅਡਜਸਟ ਕੀਤਾ ਗਿਆ ਹੈ।<br>10 ਖਿਡਾਰੀ ਕ੍ਰਮਚਾਰੀਆਂ ਵੱਲੋਂ ਕੀਤੀ ਗਈ ਪ੍ਰਤੀਬੇਨਤੀ ਨੂੰ ਸਵੀਕਾਰਦੇ ਹੋਏ ਪੰਜਾਬ ਸਰਕਾਰ ਵਲੋਂ ਨੋਟੀਫਿਕੇਸ਼ਨ ਨੰ: 15/14/2006-5ਗ3/30 ਮਿਤੀ 02-01-2017 ਰਾਹੀਂ ਮਿਤੀ 05-12-2003 ਤੋਂ 10 ਇੰਸਪੈਕਟਰ ਰੈਂਕ ਦੀਆਂ ਪੋਸਟਾਂ ਦੀ ਰਚਨਾਂ ਕੀਤੀ ਗਈ ਸੀ, ਜਿਨ੍ਹਾਂ ਦੇ ਖਿਲਾਫ ਇਹਨਾਂ ਖਿਡਾਰੀ ਕ੍ਰਮਚਾਰੀਆਂ ਨੂੰ ਮਿਤੀ 05-12-2003 ਤੋਂ ਐਸ.ਆਈ ਰੈਂਕ ਦੀ ਬਜਾਏ ਬਤੌਰ ਇੰਸਪੈਕਟਰ ਰੀਅਪੁਆਇੰਟ /ਅਡਜਸਟ ਕੀਤਾ ਗਿਆ ਹੈ। ਇਸ ਲਈ ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਇਆ ਗਿਆ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ । |
| 2 | 1) ਇੰਸਪੈਕਟਰ ਭੁਪਿੰਦਰ ਸਿੰਘ, ਨੰ: 1411/ਪੀਏਪੀ<br>2) ਇੰਸਪੈਕਟਰ ਮਨੋਜ਼ ਸਿੰਘ, ਨੰ: 1378/ਪੀਏਪੀ<br>3) ਇੰਸਪੈਕਟਰ ਅਜੈ ਸਿੰਘ ਨੰ: 1400/ਪੀਏਪੀ<br>4) ਇੰਸਪੈਕਟਰ ਅਸ਼ਵਨੀ ਕੁਮਾਰ ਨੰ: 1414/ਪੀਏਪੀ<br>5) ਇੰਸਪੈਕਟਰ ਪਵਨ ਕੁਮਾਰ, ਨੰ: 1416/ਪੀਏਪੀ | ਜਿਹੜੇ ਜਿਲ੍ਹਾ ਕੇਡਰ ਦੇ ਸਬ-ਇੰਸਪੈਕਟਰਾਂ ਨੇ ਆਪਣੀ ਆਪਸ਼ਨ ਪੀਏਪੀ ਦੀ ਨਹੀ ਦਿੱਤੀ ਅਤੇ ਉਹਨਾ ਨੂੰ (Administrative Contingency) ਪਰ ਆਰਮਡ ਬਨਜ਼ ਦੀ ਇੰਸਪੈਕਟਰ ਰੈਂਕ ਦੀ | ਇਸ ਸਬੰਧ ਵਿੱਚ ਦੱਸਣਯੋਗ ਹੈ ਕਿ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜ਼ੀ ਦੇ ਦਫਰਤ ਦੇ ਪੱਤਰ ਨੰ: 10816-930/ਈ-1(3) ਮਿਤੀ 28-08-2018 ਰਾਹੀਂ ਪੁਲਿਸ ਕ੍ਰਮਚਾਰੀਆਂ ਦੀ ਸਬ-ਇੰਸਪੈਕਟਰ ਰੈਂਕ ਵਿੱਚ, ਪੰਜਾਬ ਪੁਲਿਸ ਐਕਟ-2007 ਹੋਂਦ ਵਿੱਚ ਆਉਣ ਕਰਕੇ ਮਿਤੀ 20-02-2008 ਨੂੰ ਸਰਵਿੰਗ ਸਬ-ਇੰਸਪੈਕਟਰਾਂ ਦੀ ਜਿਲ੍ਹਾ ਪੁਲਿਸ ਕੇਡਰ ਅਤੇ |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | 6) ਇੰਸਪੈਕਟਰ ਇੰਦਰਪਾਲ ਸਿੰਘ, ਨੰ: 295/ਜੇ.ਆਰ<br>7) ਇੰਸਪੈਕਟਰ ਸੁਖਦਰਸ਼ਨ ਸਿੰਘ ਨੰ: 478/ਪੀਏਪੀ<br>8) ਇੰਸਪੈਕਟਰ ਠਾਣਾ ਸਿੰਘ ਨੰ: 885/ਪੀਏਪੀ<br>9) ਇੰਸਪੈਕਟਰ ਮਹਿੰਦਰ ਸਿੰਘ, ਨੰ: 1294/ਪੀਏਪੀ<br>10) ਇੰਸਪੈਕਟਰ ਦਵਿੰਦਰ ਸਿੰਘ ਨੰ: 1415/ਪੀਏਪੀ<br>11) ਇੰਸਪੈਕਟਰ ਤਲਵਿੰਦਰ ਸਿੰਘ, ਨੰ: 1272/ਪੀਏਪੀ<br>12) ਇੰਸਪੈਕਟਰ ਦਵਿੰਦਰ ਯਾਦਵ, ਨੰ: 1422/ਪੀਏਪੀ<br>13) ਇੰਸਪੈਕਟਰ ਲਖਵਿੰਦਰ ਸਿੰਘ, ਨੰ: 1417/ਪੀਏਪੀ<br>14) ਇੰਸਪੈਕਟਰ ਅਜਾਦ ਸਿੰਘ, ਨੰ: 1410/ਪੀਏਪੀ<br>15) ਇੰਸਪੈਕਟਰ ਲਵਨ ਕੁਮਾਰ, ਨੰ: 1375/ਪੀਏਪੀ<br>16) ਡੀ.ਐਸ.ਪੀ/ਸੀ.ਆਰ ਸਰਬਜੀਤ ਸਿੰਘ, ਨੰ: 132/ਪੀਏਪੀ<br>17) ਡੀ.ਐਸ.ਪੀ/ਸੀ.ਆਰ ਸੁਰਜੀਤ ਸਿੰਘ, ਨੰ: 822/ਪੀਏਪੀ।<br>18) ਡੀ.ਐਸ.ਪੀ/ਸੀ.ਆਰ ਕੁਲਦੀਪ ਸਿੰਘ, ਨੰ: 820/ਪੀਏਪੀ<br>19) ਡੀ.ਐਸ.ਪੀ/ਸੀ.ਆਰ ਤਰਸੇਮ ਸਿੰਘ, ਨੰ: 762/ਪੀਏਪੀ<br>20) ਡੀ.ਐਸ.ਪੀ/ਸੀ.ਆਰ ਕ੍ਰਿਸ਼ਨ ਲਾਲ ਨੰ: 242/ਪੀਏਪੀ<br>21) ਇੰਸਪੈਕਟਰ ਮਹਿੰਦਰ ਸਿੰਘ, ਨੰ: 1095/ਪੀਏਪੀ<br>22) ਇੰਸਪੈਕਟਰ ਅਮਰਜੀਤ ਸਿੰਘ ਨੰ: 220/ਪੀਏਪੀ<br>23) ਇੰਸਪੈਕਟਰ ਪਰਵੇਸ਼ ਕੁਮਾਰ ਨੰ: 350/ਪੀਏਪੀ<br>24) ਇੰਸਪੈਕਟਰ ਸਤਨਾਮ ਸਿੰਘ ਨੰ: 207/ਪੀਏਪੀ<br>25) ਇੰਸਪੈਕਟਰ ਕਰਮਜੀਤ ਸਿੰਘ ਨੰ: | ਸੀਨੀਆਰਤਾ ਵਿੱਚ ਲਾਇਆ ਗਿਆ ਹੈ, ਜੋ ਕਿ ਇਹਨਾਂ ਇੰਸਪੈਕਟਰਾਂ ਦੀ ਗਿਣਤੀ 30-35 ਬਣਦੀ ਹੈ। ਜਦੋ ਕਿ ਸ਼੍ਰੀ ਗੋਰਵ ਗਰਗ, ਆਈ.ਪੀ.ਐਸ, ਏ.ਆਈ.ਜੀ ਪ੍ਰਸ਼ੋਨਲ-3 ਵਲੋਂ ਮਿਤੀ 28-05-2018 ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਿੱਤੇ ਗਏ ਹਲਫੀਆ ਬਿਆਨ ਵਿੱਚ ਇਹ ਲਿਖਿਆ ਗਿਆ ਸੀ ਕਿ "More over, if lesser No. of officers had given option for PAP than the junior most officers of Distt. should have been placed below citing Administrative Contigency to ensure justice to everyone." ਜੇ ਇਹਨਾਂ ਇੰਸਪੈਕਟਰਾਂ ਨੂੰ ਜਿਲ੍ਹਾ ਕਾਡਰ ਵਿੱਚ ਵਾਪਸ ਭੇਜ਼ ਦਿੱਤਾ ਜਾਵੇ ਤਾਂ ਉਸ ਦੀ ਸੀਨੀਆਰਤਾ ਜਿਲ੍ਹਾ ਕੇਡਰ ਵਿੱਚ ਗਏ ਉਸ ਤੋਂ ਜੂਨੀਅਰ ਇੰਸਪੈਕਟਰਾਂ ਤੇ ਅੱਗੇ ਜਾ ਉਹਨਾਂ ਨਾਲ ਆ ਸਕਦੀ ਹੈ। ਇਸ ਤੋਂ ਇਲਾਵਾ 135 ਪ੍ਰੋਬੇਸ਼ਨਰ ਨੂੰ ਆਰਮਡ ਕੇਡਰ ਵਿੱਚ ਉਹਨਾਂ ਤੋਂ ਅੱਗੇ ਲਗਾਇਆ ਗਿਆ ਹੈ ਅਤੇ ਪੀਏਪੀ/ ਜਿਲਾ ਪੁਲਿਸ ਦੇ ਕ੍ਰਮਚਾਰੀ ਜੋ ਉਹਨਾਂ ਤੋਂ ਜੂਨੀਅਰ ਸਨ, ਨੂੰ ਆਪਸ਼ਨ ਦੇ ਅਧਾਰ ਤੇ, ਜਿਲ੍ਹਾ ਪੁਲਿਸ ਕੇਡਰ ਅਲਾਟ ਕਰਕੇ, ਉਹਨਾਂ ਦੀ ਦਿੱਤੀ ਗਈ ਤਰੱਕੀ ਲਿਸਟ ਐਫ ਤੋਂ ਪਹਿਲਾ ਤਰੱਕੀਯਾਬ ਕਰ ਦਿੱਤਾ ਗਿਆ ਹੈ ।<br><br>ਜਿਲ੍ਹਾ ਪੁਲਿਸ ਕੇਡਰ ਦੇ ਭਰਤੀ ਕ੍ਰਮਚਾਰੀ | ਆਰਮਡ ਪੁਲਿਸ ਕੇਡਰ ਵਿੱਚ ਵੰਡ ਕੀਤੀ ਗਈ ਸੀ, ਜਿਸ ਰਾਹੀਂ 1044 ਸਬ-ਇੰਸਪੈਕਟਰ ਜਿਲ੍ਹਾਂ ਪੁਲਿਸ ਕੇਡਰ ਅਤੇ 632 ਸਬ-ਇੰਸਪੈਕਟਰ ਆਰਮਡ ਪੁਲਿਸ ਕੇਡਰ ਨੂੰ ਅਲਾਟ ਕੀਤੇ ਗਏ ਸਨ । ਵੰਡ ਕਰਨ ਸਬੰਧੀ ਕ੍ਰਮਚਾਰੀਆਂ ਵੱਲੋਂ ਉਠਾਏ ਗਏ ਇਤਰਾਜਾਂ ਸਬੰਧੀ ਸਪੀਕਿੰਗ ਆਰਡਰ ਵੀ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਦੇ ਹੁੱਕਮ ਨੰ: 10461-560/ਈ-1(3) ਮਿਤੀ 27-08-2018 ਰਾਹੀਂ ਪਾਸ ਕੀਤਾ ਜਾ ਚੁੱਕਾ ਹੈ । ਮਿਤੀ 20-02-2008 ਤੋਂ ਪੰਜਾਬ ਪੁਲਿਸ ਐਕਟ-2007 ਲਾਗੂ ਹੋਣ ਤੋਂ ਬਾਅਦ, ਉਕਤ ਐਕਟ ਦੀ ਸੈਕਸ਼ਨ 4(ਬੀ) ਵਿੱਚ ਦਰਜ ਹੇਠ ਲਿਖੇ ਉਪਬੰਧਾਂ ਮੁਤਾਬਿਕ, ਆਰਮਡ ਪੁਲਿਸ ਕੇਡਰ ਅਤੇ ਜਿਲ੍ਹਾ ਪੁਲਿਸ ਕੇਡਰ ਦੇ ਕ੍ਰਮਚਾਰੀਆਂ ਦੀ ਇੰਸਪੈਕਟਰ ਰੈਂਕ ਤੱਕ ਸੀਨੀਆਰਤਾ ਵੱਖ-ਵੱਖ ਬਣਾਈ ਜਾਣੀ ਹੈ, ਇਸ ਲਈ ਇੱਕ ਕੇਡਰ ਦਾ ਕ੍ਰਮਚਾਰੀ ਦੂਸਰੇ ਕੇਡਰ ਦੇ ਕ੍ਰਮਚਾਰੀ ਨਾਲ ਆਪਣੀ ਸੀਨੀਆਰਤਾ ਦਾ ਮਿਲਾਨ ਨਹੀ ਕਰ ਸਕਦਾ :<br><br>" the officers of subordinate ranks of district police, armed police, intelligence, investigation and technical and support services shall form separate cadres. Seniority of each cadre shall be maintained at the state level. Transfer of a member of one cadre to another cadre shall not be allowed. However, officer of subordinate rank working in special operation group may be transferred to district police after the successful completion of the fixed tenure in special operation group as specified by the Government. In case an officer of subordinate rank is rendered completely or partially disabled during operations or training, the period of fixed tenure can be relaxed by the Director General of Police for the purpose of transfer to district police. The subordinate rank officer who opt for transfer to district police, if transferred, his seniority shall be placed at the bottom of the officers holding the same rank in the district police." |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | 990/ਪੀਏਪੀ<br>26) ਇੰਸਪੈਕਟਰ ਨਿਰਮਲ ਸਿੰਘ ਨੰ: 942/ਪੀਏਪੀ<br>27) ਇੰਸਪੈਕਟਰ ਗੁਰਮੀਤ ਸਿੰਘ ਨੰ: 1113/ਪੀਏਪੀ<br>28) ਇੰਸਪੈਕਟਰ ਕੁਲਵੰਤ ਸਿੰਘ ਨੰ: 989/ਪੀਏਪੀ<br>29) ਇੰਸਪੈਕਟਰ ਦਰਸ਼ਨ ਸਿੰਘ ਨੰ: 256/ਪੀਏਪੀ<br>30) ਇੰਸਪੈਕਟਰ ਜਤਿੰਦਰਪਾਲ ਸਿੰਘ, ਨੰ: 1404/ਪੀਏਪੀ<br>31) ਇੰਸਪੈਕਟਰ ਸੁਭਾਸ ਚੰਦਰ ਨੰ: 193/ਜੇ.ਆਰ<br>32) ਡੀ.ਐਸ.ਪੀ/ਸੀ.ਆਰ ਸੁਰਜੀਤ ਸਿੰਘ ਨੰ: 848/ਪੀਏਪੀ<br>33) ਇੰਸਪੈਕਟਰ ਸੁਖਵਿੰਦਰ ਸਿੰਘ ਨੰ: 1406/ ਪੀਏਪੀ | ਜਿਨ੍ਹਾਂ ਨੇ ਕਦੇ ਵੀ ਆਰਮਡ ਪੁਲਿਸ ਕੇਡਰ ਵਿਖੇ ਡਿਊਟੀ ਨਹੀ ਕੀਤੀ ਅਤੇ ਨਾ ਹੀ ਭਵਿੱਖ ਵਿੱਚ ਉਹਨਾਂ ਵੱਲੋਂ ਕੋਈ ਡਿਊਟੀ ਕਰਨ ਦੀ ਉਮੀਦ ਹੈ, ਨੂੰ ਪਲਾਨਿੰਗ ਤਹਿਤ ਜਲਦੀ ਤਰੱਕੀ ਦੇਣ ਲਈ ਆਰਮਡ ਕੇਡਰ ਅਲਾਟ ਕੀਤਾ ਗਿਆ ਹੈ।ਇਸ ਲਈ ਇਹਨਾਂ ਨੂੰ ਜਿਲ੍ਹਾ ਪੁਲਿਸ ਕੇਡਰ ਵਿਖੇ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜ਼ੋ ਇਹਨਾਂ ਦੀ ਰਚੀ ਗਈ ਪਲਾਨਿੰਗ ਸਫਲ ਨਾ ਹੋ ਸਕੇ ।<br><br>ਪ੍ਰੋਬੇਸ਼ਨਰ ਏ.ਐਸ.ਆਈਜ਼ ਨੂੰ 25% ਕੋਟੇ ਦੇ ਮੁਤਾਬਿਕ ਅਡਜਸਟ ਕੀਤਾ ਜਾਵੇ।<br><br>ਐਸ.ਪੀ.ਯੂ ਵਿੱਚ ਪੈਰਾਮਿਲਟਰੀ ਫੋਰਸ ਦੇ ਭਰਤੀ ਕੀਤੇ ਕ੍ਰਮਚਾਰੀਆਂ ਦੀ ਸੀਨੀਆਰਤਾ 60% ਜਿਲ੍ਹਾ ਪੁਲਿਸ ਕੇਡਰ ਅਤੇ 40% ਮੁਤਾਬਿਕ ਆਰਮਡ ਪੁਲਿਸ ਕੇਡਰ ਵਿਖੇ ਲਾਇਆ ਜਾਵੇ । | ਮਿਤੀ 01-01-1975 ਤੋਂ ਮਿਤੀ 19-02-2008 ਤੱਕ ਏ.ਐਸ.ਆਈ ਰੈਂਕ ਵਿੱਚ ਸੀਨੀਆਰਤਾ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਸਬੰਧਤ ਕ੍ਰਮਚਾਰੀਆਂ ਵੱਲੋਂ ਉਠਾਏ ਗਏ ਇਤਰਾਜਾਂ ਸਬੰਧੀ ਲੋੜੀਦੇਂ ਸਪੀਕਿੰਗ ਹੁੱਕਮ ਪਾਸ ਕਰਨ ਉਪਰੰਤ ਪਹਿਲਾਂ ਹੀ ਫਾਈਨਲ ਕੀਤੀ ਜਾ ਚੁੱਕੀ ਹੈ। ਇਸ ਲਈ ਪ੍ਰਤੀਬੇਨਤਕਰਤਾਵਾਂ ਵੱਲੋਂ ਪ੍ਰੋਬੇਸ਼ਨਰ ਏ.ਐਸ.ਆਈ ਨੂੰ 25% ਕੋਟੇ ਤਹਿਤ ਅਡਜਸਟ ਕਰਨ ਸਬੰਧੀ ਇਤਰਾਜ ਇਸ ਸਮੇਂ ਵਿਚਾਰਨਯੋਗ ਨਹੀ ਹੈ।<br><br>ਐਸ.ਪੀ.ਯੂ ਵਿੱਚ ਤਾਇਨਾਤ ਕ੍ਰਮਚਾਰੀ ਜਿਨ੍ਹਾਂ ਨੂੰ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਦਿੱਤੀ ਗਈ ਪ੍ਰਵਾਨਗੀ ਮੁਤਾਬਿਕ ਆਰਮਡ ਪੁਲਿਸ ਕੇਡਰ ਵਿਖੇ ਵੱਖ-ਵੱਖ ਰੈਂਕਾਂ ਵਿੱਚ ਭਰਤੀ ਕੀਤਾ ਗਿਆ ਸੀ, ਨੂੰ ਪੰਜਾਬ ਪੁਲਿਸ ਐਕਟ-2007 ਦੀ ਸੈਕਸ਼ਨ 4(ਬੀ) ਮੁਤਾਬਿਕ ਲੈਂਥ ਆਫ ਸਰਵਿਸ ਦੇ ਅਧਾਰ ਤੇ ਵੱਖ-ਵੱਖ ਰੈਂਕਾ ਦੀਆਂ ਸੀਨੀਆਰਤਾ ਸੂਚੀਆਂ ਵਿੱਚ ਦਰਜ ਕੀਤਾ ਗਿਆ ਹੈ । ਇਸ ਲਈ ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਇਆ ਗਿਆ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ । |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | | ਪ੍ਰਤੀਬੇਨਤੀਕਰਤਾਵਾਂ ਨੇ ਇਹ ਵੀ ਬੇਨਤੀ ਕੀਤੀ ਹੈ ਕਿ ਉਹਨਾਂ ਨੂੰ ਏ.ਐਸ.ਆਈ, ਐਸ.ਆਈ ਅਤੇ ਇੰਸਪੈਕਟਰ ਰੈਂਕ ਵਿੱਚ 06 ਤੋਂ 08 ਸਾਲ ਤੱਕ ਪਿਛੇ ਕੀਤਾ ਜਾ ਰਿਹਾ ਹੈ ਜ਼ੋ ਕਿ ਸਰਾ ਸਰ ਧੱਕਾ ਹੈ । ਇਸ ਲਈ ਸੀਨੀਆਰਤਾ ਵਿੱਚ ਲੋੜੀਦੀ ਸੋਧ ਕੀਤੀ ਜਾਵੇ ਕਿਉਕਿ ਉਹ ਹੁਣ ਡੀ.ਐਸ.ਪੀ ਰੈਂਕ ਵਿੱਚ ਤਰੱਕੀ ਦਾ ਹੱਕ ਰੱਖਦੇ ਹਨ, ਪ੍ਰੰਤੂ ਜਿਲ੍ਹਾ ਪੁਲਿਸ ਕੇਡਰ ਖਿਡਾਰੀ ਕ੍ਰਮਚਾਰੀ ਅਤੇ ਬੀ.ਐਸ.ਐਫ/ ਸੀ.ਆਈ.ਐਸ.ਐਫ ਦੇ ਕ੍ਰਮਚਾਰੀਆਂ ਨੂੰ ਉਹਨਾਂ ਤੋਂ ਅੱਗੇ ਲਗਾ ਕੇ ਉਹਨਾਂ ਦਾ ਹੱਕ ਖੋਹਿਆ ਜਾ ਰਿਹਾ ਹੈ। | ਪ੍ਰਤੀਬੇਨਤੀਕਰਤਾਵਾਂ ਨੂੰ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਜੀ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 4829/2011 ਅਤੇ ਸੀ.ਓ.ਸੀ.ਪੀ ਨੰ: 1492 /2015 ਵਿੱਚ ਪਾਸ ਹੁੱਕਮਾਂ ਦੀ ਪਾਲਣਾ ਹਿੱਤ ਮਿਤੀ 01-01-1975 ਤੋਂ 19-02-2008 ਤੱਕ ਮੁੱਖ ਸਿਪਾਹੀ ਰੈਂਕ ਤੋਂ ਇੰਸਪੈਕਟਰ ਰੈਂਕ ਤੱਕ ਪੀਏਪੀ ਅਤੇ ਜਿਲ੍ਹਾ ਪੁਲਿਸ ਕੇਡਰ ਦੇ ਕ੍ਰਮਚਾਰੀਆਂ ਦੀ ਬਣਾਈ ਗਈ ਰਿਵਾਈਜਡ ਸੀਨੀਆਰਤਾ ਮੁਤਾਬਿਕ ਜੋ ਕ੍ਰਮਚਾਰੀ ਮਿਤੀ 20-02-2008 ਤੋਂ ਬਾਅਦ ਆਰਮਡ ਪੁਲਿਸ ਕੇਡਰ ਨੂੰ ਅਲਾਟ ਕੀਤੇ ਗਏ ਸਨ, ਉਹਨਾਂ ਦੀ ਸੀਨੀਆਰਤਾ ਦੇ ਅਧਾਰ ਪਰ ਅਗਲੇ ਰੈਂਕਾਂ ਵਿੱਚ ਰਿਵਾਈਜਡ ਤਰੱਕੀ ਮਿਤੀਆਂ ਲਈ ਵਿਚਾਰਿਆ ਗਿਆ ਹੈ ਅਤੇ ਪ੍ਰਤੀਬੇਨਤੀਕਰਤਾਵਾਂ ਨੂੰ ਸੀਨੀਆਰਤਾ ਦੇ ਅਧਾਰ ਪਰ ਬਣਦੀਆ ਤਰੱਕੀਆਂ ਦਿੱਤੀਆਂ ਗਈਆਂ ਹਨ । ਇਸ ਤਰ੍ਹਾ ਉਹਨਾਂ ਨਾਲ ਕੋਈ ਧੱਕਾ ਨਹੀ ਕੀਤਾ ਗਿਆ ਹੈ । ਇਸ ਲਈ ਇਹ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ । |
| 3 | 1) ਇੰਸਪੈਕਟਰ ਅਜੈ ਸਿੰਘ ਨੰ: 1400/ਪੀਏਪੀ<br>2) ਇੰਸਪੈਕਟਰ ਅਸ਼ਵਨੀ ਕੁਮਾਰ ਨੰ: 1414/ਪੀਏਪੀ<br>3) ਇੰਸਪੈਕਟਰ ਪਵਨ ਕੁਮਾਰ, ਨੰ: 1416/ਪੀਏਪੀ<br>4) ਇੰਸਪੈਕਟਰ ਦਵਿੰਦਰ ਸਿੰਘ ਨੰ: 1415/ਪੀਏਪੀ<br>5) ਇੰਸਪੈਕਟਰ ਦਵਿੰਦਰ ਯਾਦਵ, ਨੰ: 1422/ਪੀਏਪੀ<br>6) ਇੰਸਪੈਕਟਰ ਲਖਵਿੰਦਰ ਸਿੰਘ, ਨੰ: 1417/ਪੀਏਪੀ<br>7) ਇੰਸਪੈਕਟਰ ਅਜਾਦ ਸਿੰਘ, ਨੰ: 1410/ਪੀਏਪੀ<br>8) ਇੰਸਪੈਕਟਰ ਜਤਿੰਦਰਪਾਲ ਸਿੰਘ, ਨੰ:1404/ਪੀਏਪੀ<br>9) ਇੰਸਪੈਕਟਰ ਭੁਪਿੰਦਰ ਸਿੰਘ, ਨੰ: 1411/ਪੀਏਪੀ | ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ 15/14/2005-05-ਐਚ 3/3149 ਮਿਤੀ 28-12-2006 ਦੇ ਮੁਤਾਬਿਕ 295 ਖਿਡਾਰੀਆਂ ਨੂੰ ਪੀ.ਪੀ.ਆਰ ਦਾ ਫਿਕਰਾ ਨੰ: 12.2 ਲਗਾ ਕੇ ਭਰਤੀ ਕੀਤਾ ਗਿਆ ਸੀ ਅਤੇ ਜਨਮ ਮਿਤੀ ਨੂੰ ਅਧਾਰ ਮੰਨ ਕੇ ਸੀਨੀਆਰਤਾ ਸੂਚੀ ਮਿਤੀ 05-12-2003 ਤੋਂ ਤਿਆਰ ਕੀਤੀ ਸੀ ਅਤੇ ਉਸ ਸਮੇਂ ਵੱਖਰੇ-ਵੱਖਰੇ ਰੈਂਕ ਦੀ ਜਨਮ ਮਿਤੀ ਦੇ ਹਿਸਾਬ ਨਾਲ ਸੀਨੀਆਰਤਾ ਲਈ ਗਈ ਸੀ। ਪ੍ਰੰਤੂ ਇੰਸਪੈਕਟਰ ਅਤੇ ਸਬ-ਇੰਸਪੈਕਟਰਾਂ ਦੀ ਸੀਨੀਆਰਤਾ ਲਿਸਟ ਪ੍ਰਮੋਸ਼ਨ ਦੇ ਹਿਸਾਬ ਨਾਲ ਲਾਈ ਗਈ ਹੈ, ਜੋ ਕਿ ਗਲਤ ਹੈ । | ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਲਏ ਗਏ ਫੈਸਲੇ ਮੁਤਾਬਿਕ ਆਰਮਡ ਪੁਲਿਸ ਕੇਡਰ ਵਿਖੇ 295 ਕੇਡਰ ਪੋਸਟਾਂ ਦੇ ਖਿਲਾਫ ਮਿਤੀ 05-12-2003 ਤੋਂ ਮੁੱਖ ਸਿਪਾਹੀ/ ਏ.ਐਸ.ਆਈ, ਐਸ.ਆਈ ਅਤੇ ਇੰਸਪੈਕਟਰ ਰੈਂਕ ਵਿੱਚ ਭਰਤੀ ਕੀਤੇ ਖਿਡਾਰੀ ਕ੍ਰਮਚਾਰੀਆਂ ਦੀ ਸੀਨੀਆਰਤਾ ਉਹਨਾਂ ਦੀ ਬਤੌਰ ਸੀ-2 ਰਿਵਰਸ਼ਨ ਤੋਂ ਪਹਿਲਾਂ ਵਾਲੀ ਸੀਨੀਆਰਤਾ ਦੇ ਅਧਾਰ ਪਰ ਰਿਵਾਈਜਡ ਕੀਤੀ ਗਈ ਹੈ। ਐਸ.ਆਈ ਰੈਂਕ ਦੀ ਰਿਵਾਈਜਡ ਸੀਨੀਆਰਤਾ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਦੇ ਪੱਤਰ ਨੰ: 12174/ਈ-1(2) ਮਿਤੀ 11-09-2018 ਰਾਹੀਂ ਜਾਰੀ ਕੀਤੀ ਗਈ ਹੈ । ਇਸ ਲਈ ਪ੍ਰਤੀਬੇਨਤੀਕਰਤਾਵਾਂ ਵਲੋਂ ਕੀਤਾ ਗਿਆ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ । |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| 4 | 1) ਇੰਸਪੈਕਟਰ ਅਨਿਲ ਕੁਮਾਰ, ਨੰ: 377/ਪੀ.ਆਰ<br>2) ਇੰਸਪੈਕਟਰ ਰਾਜ ਕੁਮਾਰ, ਨੰ: 94/ਪੀ.ਆਰ<br>3) ਇੰਸਪੈਕਟਰ ਹਰਿੰਦਰ ਸਿੰਘ, ਨੰ: 0352/ਬੀ.ਆਰ<br>4) ਇੰਸਪੈਕਟਰ ਪਵਨ ਕੁਮਾਰ, ਨੰ: 1416/ਪੀਏਪੀ | ਇੰਸਪੈਕਟਰ ਸੰਜੀਵ ਕੁਮਾਰ, ਨੰ: 398/ਪੀ.ਆਰ ਅਤੇ ਇੰਸਪੈਕਟਰ ਹਰਸਿਮਰਨ ਸਿੰਘ, ਨੰ: 92/ਪੀ.ਆਰ,ਜੋ ਕਿ 1992 (ਪ੍ਰੋਬੇਸ਼ਨਰ /ਏ.ਐਸ.ਆਈ.) ਦੇ ਬੈਚ ਉਡੀਕ ਸੂਚੀ ਵਿੱਚ ਸੀ ਜਿਨ੍ਹਾਂ ਦੀ ਭਰਤੀ ਮਿਤੀ 20-05-1993 ਇਹਨਾਂ ਦੀ ਸੀਨੀਆਰਤਾ 1993 ਤੋਂ ਬਣਦੀ ਹੈ ਨਾ ਕਿ 1992 ਬੈਚ ਨਾਲ, ਜੇ ਇਹਨਾਂ ਨੂੰ 1992 ਵਿੱਚ ਲਾਉਣਾ ਹੀ ਹੈ ਤਾਂ ਇਹਨਾਂ ਨੂੰ ਅਖੀਰ ਵਿੱਚ ਲਾਉਣਾ ਬਣਦਾ ਹੈ । | ਇਸ ਸਬੰਧ ਵਿੱਚ ਇਹ ਦੱਸਣਯੋਗ ਹੈ ਕਿ ਮਾਨਯੋਗ ਡੀ.ਜੀ.ਪੀ ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਦੇ ਯਾਦ ਪੱਤਰ ਨੰ: 13232-13332/ਈ-1(2) ਮਿਤੀ 11-12-2017 ਰਾਹੀਂ ਪੀਏਪੀ ਅਤੇ ਜਿਲ੍ਹਾ ਪੁਲਿਸ ਕੇਡਰ ਦੇ ਕ੍ਰਮਚਾਰੀਆਂ ਦੀ ਮਿਤੀ 01-01-1975 ਤੋਂ ਲੈ ਕੇ 19-02-2008 ਤੱਕ ਫਾਈਨਲ ਸਯੁੰਕਤ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਹੈ ਅਤੇ ਉਕਤ ਸੀਨੀਆਰਤਾ ਸੂਚੀ ਜਾਰੀ ਕਰਨ ਸਮੇਂ ਸਮੂਹ ਪੁਲਿਸ ਕ੍ਰਮਚਾਰੀਆਂ ਵੱਲੋਂ ਮੰਗੇ ਗਏ ਇਤਰਾਜਾਂ ਦਾ ਫੈਸਲਾ ਪਹਿਲਾਂ ਹੀ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਕੀਤਾ ਜਾ ਚੁੱਕਾ ਹੈ । ਇਸ ਲਈ ਇਸ ਸਟੇਜ਼ ਪਰ ਪ੍ਰਤੀਬੇਨਤੀਕਰਤਾਵਾਂ ਵੱਲੋਂ ਏ.ਐਸ.ਆਈ ਰੈਂਕ ਵਿੱਚ ਬਣਾਈ ਗਈ ਸੀਨੀਆਰਤਾ ਸਬੰਧੀ ਇਤਰਾਜ ਵਿਚਾਰਿਆ ਨਹੀ ਜਾ ਸਕਦਾ । ਇਸ ਤੋਂ ਇਲਾਵਾ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਨੇ ਆਪਣੇ ਦਫਤਰ ਦੇ ਪੱਤਰ ਨੰ: 12549/ਈ-1(2) ਮਿਤੀ 27-09-2018 ਰਾਹੀਂ ਸੂਚਿਤ ਕੀਤਾ ਹੈ ਕਿ ਇੰਸਪੈਕਟਰ ਅਨਿਲ ਕੁਮਾਰ, ਨੰ: 377/ਪੀ.ਆਰ ਅਤੇ ਹੋਰ ਕ੍ਰਮਚਾਰੀਆਂ ਵੱਲੋਂ ਕੀਤਾ ਗਿਆ ਇਤਰਾਜ ਕਿ ਉਡੀਕ ਸੂਚੀ ਵਾਲੇ ਪ੍ਰੋਬੇਸ਼ਨਰ ਏ.ਐਸ.ਆਈਜ਼ ਨੂੰ ਬੈਚ ਦੀ ਸੀਨੀਆਰਤਾ ਵਿੱਚ ਅਖੀਰ ਵਿੱਚ ਦਰਜ ਕੀਤਾ ਜਾਵੇ, ਉਹਨਾਂ ਦੇ ਦਫਤਰ ਦੇ ਪੱਤਰ ਨੰ: 11650-53/ਈ-1(2) ਮਿਤੀ 30-08-2018 ਰਾਹੀਂ ਪਹਿਲਾਂ ਹੀ ਵਿਚਾਰਨ ਉਪਰੰਤ ਦਾਖਲ ਦਫਤਰ ਕਰ ਦਿੱਤਾ ਗਿਆ ਸੀ । |
| 5 | 1) ਡੀ.ਐਸ.ਪੀ/ਸੀ.ਆਰ ਨਿਰਮਲ ਸਿੰਘ ਨੰ: 811/ਪੀਏਪੀ<br>2) ਡੀ.ਐਸ.ਪੀ/ਸੀ.ਆਰ ਸੁਰਜੀਤ ਸਿੰਘ ਨੰ: 848/ਪੀਏਪੀ<br>3) ਡੀ.ਐਸ.ਪੀ/ਸੀ.ਆਰ ਮਨਜਿੰਦਰ ਸਿੰਘ ਨੰ: 21/ਪੀਏਪੀ<br>4) ਇੰਸਪੈਕਟਰ ਹਰਨੇਕ ਸਿੰਘ, ਨੰ: 1089/ਪੀਏਪੀ<br>5) ਇੰਸਪੈਕਟਰ ਮਹਿੰਦਰ ਸਿੰਘ, ਨੰ: 1294/ਪੀਏਪੀ<br>6) ਇੰਸਪੈਕਟਰ ਸੁਖਦੇਵ ਸਿੰਘ, ਨੰ: 1297/ਪੀਏਪੀ | ਪ੍ਰਤੀਬੇਨਤੀਕਰਤਾਵਾ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਹ ਰਿਵਾਈਜਡ ਪ੍ਰੋਪਜਡ ਤਰੱਕੀ ਮਿਤੀਆਂ ਨਾਲ ਸਹਿਮਤ ਨਹੀ ਹਨ। ਇਸ ਲਈ ਉਹਨਾਂ ਦੀਆਂ ਪਹਿਲਾਂ ਵਾਲੀਆਂ ਤਰੱਕੀ ਮਿਤੀਆਂ ਹੀ ਰਹਿਣ ਦਿੱਤੀਆਂ ਜਾਣ, ਕਿਉਕਿ ਰਿਵਾਈਜਡ ਤਰੱਕੀਆਂ ਨਾਲ ਉਹਨਾਂ ਨੂੰ ਵੱਡੇ ਪੱਧਰ ਤੇ ਆਰਥਿਕ ਨੁਕਸਾਨ ਹੋ ਰਿਹਾ ਹੈ। | ਮਾਨਯੋਗ ਡੀ.ਜੀ.ਪੀ ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 4829/2011 ਅਤੇ ਸੀ.ਓ.ਸੀ.ਪੀ ਨੰ: 1492 /2015 ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਪਾਸ ਕੀਤੇ ਹੁੱਕਮ ਮਿਤੀ 16-12-2014, 23-12-2016 ਅਤੇ 08-03-2017 ਦੀ ਪਾਲਣਾ ਹਿੱਤ ਪੀਏਪੀ ਅਤੇ ਜਿਲ੍ਹਾ ਪੁਲਿਸ ਦੇ ਕ੍ਰਮਚਾਰੀਆਂ ਦੀ ਮਿਤੀ 01-01-1975 ਤੋਂ ਲੈ ਕੇ 19-02-2008 ਤੱਕ ਮੁੱਖ ਸਿਪਾਹੀ, ਏ.ਐਸ.ਆਈ, ਐਸ.ਆਈ ਅਤੇ ਇੰਸਪੈਕਟਰ ਰੈਂਕ ਵਿੱਚ ਰਿਵਾਈਜਡ ਸਯੁੰਕਤ ਸੀਨੀਆਰਤਾ ਸੂਚੀਆਂ ਜਾਰੀ ਕੀਤੀਆਂ ਗਈਆਂ ਹਨ । ਮਿਤੀ 19-02-2008 ਨੂੰ ਪੰਜਾਬ ਪੁਲਿਸ ਐਕਟ-2007 ਹੋਂਦ ਵਿੱਚ ਆਉਣ ਕਰਕੇ, ਮਾਨਯੋਗ ਡੀ.ਜ਼ੀ.ਪੀ, ਪੰਜਾਬ ਚੰਡੀਗੜ੍ਹ ਜੀ |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | 7) ਇੰਸਪੈਕਟਰ ਬਲਰਾਜ ਸਿੰਘ, ਨੰ: 1310/ਪੀਏਪੀ<br>8) ਇੰਸਪੈਕਟਰ ਸਰਬਜੀਤ ਸਿੰਘ, ਨੰ: 16/ਪੀਏਪੀ<br>9) ਇੰਸਪੈਕਟਰ ਰਾਮਫਲ, ਨੰ: 929/ਪੀਏਪੀ<br>10) ਡੀ.ਐਸ.ਪੀ/ਸੀ.ਆਰ ਗੁਰਮੇਲ ਸਿੰਘ, ਨੰ: 160/ਪੀਏਪੀ<br>11) ਇੰਸਪੈਕਟਰ ਗੁਰਬਚਨ ਸਿੰਘ, ਨੰ: 907/ਪੀਏਪੀ<br>12) ਇੰਸਪੈਕਟਰ ਸੁਰਜੀਤ ਸਿੰਘ, ਨੰ: 882/ਪੀਏਪੀ<br>13) ਇੰਸਪੈਕਟਰ ਸ਼ਿਵ ਦਿਆਲ, ਨੰ: 900/ਪੀਏਪੀ<br>14) ਇੰਸਪੈਕਟਰ ਸਖਦੇਵ ਰਾਜ, ਨੰ: 1102/ਪੀਏਪੀ<br>15) ਇੰਸਪੈਕਟਰ ਕਮਲ ਕਿਸ਼ੋਰ, ਨੰ: 813/ਪੀਏਪੀ | | ਦੇ ਦਫਤਰ ਵੱਲੋਂ ਸੀਨੀਆਰਤਾ ਸੂਚੀਆਂ ਵਿੱਚ ਜ਼ੋ ਕ੍ਰਮਚਾਰੀ ਮਿਤੀ 20-02-2008 ਨੂੰ ਸਰਵਿੰਗ ਸਨ, ਉਹਨਾਂ ਦੀ ਪੰਜਾਬ ਆਰਮਡ ਪੁਲਿਸ ਕੇਡਰ ਅਤੇ ਜਿਲ੍ਹਾ ਪੁਲਿਸ ਕੇਡਰ ਵਿੱਚ ਕ੍ਰਮਚਾਰੀਆਂ ਤੋਂ ਆਪਸ਼ਨਾਂ ਲੈਣ ਉਪਰੰਤ ਵੰਡ ਕੀਤੀ ਗਈ ਹੈ। ਉਕਤ ਵੰਡ ਮੁਤਾਬਿਕ ਪ੍ਰਤੀਬੇਨਤੀਕਰਤਾਵਾਂ ਅਤੇ ਹੋਰ ਦੂਸਰੇ ਕ੍ਰਮਚਾਰੀ ਜਿਨ੍ਹਾਂ ਨੂੰ ਆਰਮਡ ਪੁਲਿਸ ਕੇਡਰ ਵਿਖੇ ਅਲਾਟ ਕੀਤਾ ਗਿਆ ਸੀ, ਨੂੰ ਮਿਤੀ 20-02-2008 ਤੋਂ ਲੈ ਕੇ ਹੁਣ ਤੱਕ ਆਰਮਡ ਪੁਲਿਸ ਕੇਡਰ ਵਿਖੇ ਖਾਲੀ ਉਪਲਬੱਧ ਅਸਾਮੀਆਂ ਦੇ ਖਿਲਾਫ ਪ੍ਰਪੋਜਡ ਰਿਵਾਈਜਡ ਤਰੱਕੀ ਮਿਤੀਆਂ ਦੇ ਕੇ ਮੁੱਖ ਸਿਪਾਹੀ, ਏ.ਐਸ.ਆਈ, ਐਸ.ਆਈ ਅਤੇ ਇੰਸਪੈਕਟਰ ਰੈਂਕ ਵਿੱਚ ਟੈਂਟਟਿਵ ਸੀਨੀਆਰਤਾ ਸੂਚੀਆਂ ਇਸ ਦਫਤਰ ਵੱਲੋਂ ਜਾਰੀ ਕੀਤੀਆਂ ਗਈਆਂ ਸਨ । ਇਸ ਲਈ ਪ੍ਰਤੀਬੇਨਤੀਕਰਤਾਵਾਂ ਵੱਲੋਂ ਕੀਤੀ ਗਈ ਬੇਨਤੀ ਕਿ ਉਹਨਾਂ ਦੀਆਂ ਪਹਿਲਾਂ ਵਾਲੀਆਂ ਤਰੱਕੀ ਮਿਤੀ ਹੀ ਰਹਿਣ ਦਿੱਤੀਆਂ ਜਾਣ, ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤੀਆਂ ਜਾਂਦੀਆਂ ਹਨ । |
| 6 | 1) ਇੰਸਪੈਕਟਰ ਬਖਸੀਸ਼ ਸਿੰਘ, ਨੰ: 485/ਪੀਏਪੀ (837/ਆਈ.ਐਨ.ਟੀ) | ਪੰਜਾਬ ਪੁਲਿਸ ਐਕਟ 2007 ਹੋਂਦ ਵਿੱਚ ਆਉਂਣ ਉਪਰੰਤ ਇੰਸਪੈਕਟਰਾਂ ਦੀ ਆਰਮਡ ਕੇਡਰ ਦੀ ਜ਼ੋ ਟੈਨਟੇਟਿਵ ਸੀਨੀਆਰਤਾ ਸੂਚੀ ਪੰਜਾਬ ਪੁਲਿਸ ਦੀ ਵੈਬਸਾਈਟ ਪਰ ਅੱਪਲੋਡ ਕੀਤੀ ਗਈ ਹੈ । ਇੰਸਪੈਕਟਰ ਦੀ ਸੀਨੀਆਰਤਾ ਲਿਸਟ ਵਿੱਚ ਨਾਮ ਦਰਜ ਨਹੀ ਹੈ। ਇਸ ਸਮੇਂ ਮੈ ਰੈਗੂਲਰ ਇੰਸਪੈਕਟਰ ਹੁੰਦੇ ਹੋਏ ਮੇਰਾ ਨਾਮ ਇੰਸਪੈਕਟਰ ਦੀ ਸੀਨੀਆਰਤਾ ਸੂਚੀ ਵਿੱਚ ਸ਼ਾਮਲ ਨਹੀ ਹੈ । | ਇੰਸਪੈਕਟਰ ਬਖਸੀਸ਼ ਸਿੰਘ, ਨੰ: 485/ਪੀਏਪੀ ਨੂੰ ਮਿਤੀ 31-12-2010 ਤੋਂ ਰਿਵਾਈਜਡ ਐਸ.ਆਈ ਤਰੱਕੀ ਮਿਤੀ ਦਿੱਤੀ ਗਈ ਹੈ ਅਤੇ ਇਸ ਦਾ ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀ ਦੀ ਲੜੀ ਨੰ: 3894 ਪਰ ਨਾਮ ਦਰਜ ਹੈ । ਲੜੀ ਨੰ: 3895 ਪਰ ਦਰਜ ਇੰਸਪੈਕਟਰ ਬਾਜ ਸਿੰਘ, ਨੰ: 206/ਪੀਏਪੀ ਨੂੰ ਮਿਤੀ 31-12-2017 ਤੋਂ ਰਿਵਾਈਜਡ ਤਰੱਕੀ ਲਿਸਟ ਐਫ ਦਿੱਤੀ ਗਈ ਹੈ, ਜਦੋ ਕਿ ਇੰਸਪੈਕਟਰ ਬਖਸੀਸ਼ ਸਿੰਘ, ਨੰ: 485/ਪੀਏਪੀ ਮਿਤੀ 14-08-2017 ਤੋਂ ਖੁਫੀਆ ਵਿਭਾਗ ਵਿਖੇ ਪੱਕੇ ਤੋਰ ਤੇ ਮਰਜ ਹੋ ਚੁੱਕਾ ਹੋਣ ਕਰਕੇ ਇਸ ਨੂੰ ਤਰੱਕੀ ਲਿਸਟ ਐਫ ਆਰਮਡ ਕੇਡਰ ਵੱਲੋਂ ਨਹੀ ਦਿੱਤੀ ਗਈ ਹੈ । ਇਸ ਲਈ ਇਸ ਕ੍ਰਮਚਾਰੀ ਵੱਲੋਂ ਉਠਾਇਆ ਗਿਆ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ । |
| 7 | 1) ਇੰਸਪੈਕਟਰ ਅਸ਼ੋਕ ਕੁਮਾਰ, ਨੰ: 884/ਪੀਏਪੀ (ਰਿਟਾਇਰਡ) | ਪ੍ਰਤੀਬੇਨਤੀਕਰਤਾ ਵਲੋਂ ਇਤਰਾਜ ਲਗਾਇਆ ਗਿਆ ਹੈ ਕਿ ਪੀਏਪੀ ਦੀ ਸੀਨੀਆਰਤਾ ਜਿਲ੍ਹਾ ਪੁਲਿਸ ਨਾਲੋ ਪਹਿਲਾ ਹੀ ਵੱਖਰੀ ਰਹੀ ਹੈ ਅਤੇ ਉਹ 30-35 ਸਾਲ | ਮਾਨਯੋਗ ਡੀ.ਜੀ.ਪੀ ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 4829/2011 ਅਤੇ ਸੀ.ਓ.ਸੀ.ਪੀ ਨੰ: 1492 /2015 ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਪਾਸ ਕੀਤੇ ਹੁੱਕਮ ਮਿਤੀ 16-12-2014, |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | 2) ਇੰਸਪੈਕਟਰ ਸੁਰਿੰਦਰ ਸਿੰਘ, ਨੰ: 814/ਪੀਏਪੀ (ਰਿਟਾਇਰਡ)<br>3) ਇੰਸਪੈਕਟਰ ਰਾਜ ਕੁਮਾਰ, ਨੰ: 786/ਪੀਏਪੀ (ਰਿਟਾਇਰਡ) | ਤੋਂ ਜਿਆਦਾ ਨੋਕਰੀ ਕਰਨ ਉਪਰੰਤ ਇੰਸਪੈਕਟਰ ਰੈਂਕ ਵਿੱਚ ਰਿਟਾਇਰ ਹੋ ਚੁੱਕੇ ਹਨ । ਸਾਲ-1988 ਤੋਂ ਲੈ ਕੇ 1993 ਤੱਕ ਪੰਜਾਬ ਪੁਲਿਸ ਰੂਲ 12.3 ਵਿੱਚ ਦਰਜ ਉਪਬੰਧਾਂ ਦੇ ਖਿਲਾਫ 25% ਕੋਟੇ ਤੋਂ ਵੱਧ ਭਰਤੀ ਹੋਏ ਪ੍ਰੋਬੇਸ਼ਨਰ ਏ.ਐਸ.ਆਈਜ਼ ਨੂੰ ਤਰੱਕੀ ਦਾ ਲਾਭ ਦੇਣ ਲਈ ਪ੍ਰਮੋਟੀ ਕ੍ਰਮਚਾਰੀਆਂ ਦੀਆਂ ਸਾਲ-1975 ਤੋਂ ਲੈ ਕੇ ਤਰੱਕੀ ਮਿਤੀਆਂ ਰਿਵਾਈਜਡ ਕੀਤੀਆਂ ਜਾ ਰਹੀਆਂ ਹਨ, ਜ਼ੋ ਕਿ ਪੰਜਾਬ ਪੁਲਿਸ ਰੂਲਜ ਵਿੱਚ ਦਰਜ ਉਪਬੰਧਾਂ ਦੇ ਖਿਲਾਫ ਹਨ । ਜਿਲ੍ਹਾ ਪੁਲਿਸ ਕੇਡਰ ਅਤੇ ਆਰਮਡ ਪੁਲਿਸ ਕੇਡਰ ਵਿੱਚ ਵੰਡ ਕਰਨ ਲਈ ਕਿਸੇ ਕ੍ਰਮਚਾਰੀ ਤੋਂ ਭਵਿੱਖ ਵਿੱਚ ਆਉਣ ਵਾਲੇ ਹਲਾਤਾਂ ਮੁਤਾਬਿਕ ਰਜਾਮੰਦੀ ਮੰਗੀ ਜਾ ਸਕਦੀ ਹੈ, ਪ੍ਰੰਤੂ ਬੀਤ ਗਏ ਸਮੇਂ ਦੇ ਹਲਾਤਾਂ ਬਾਰੇ ਰਜਾਮੰਦੀ ਨਹੀ ਲਈ ਜਾ ਸਕਦੀ । ਜਿਲ੍ਹਾ ਪੁਲਿਸ ਕੇਡਰ ਵਿੱਚ ਤਾਇਨਾਤ ਕ੍ਰਮਚਾਰੀ ਜਿਨ੍ਹਾਂ ਨੇ ਆਰਮਡ ਪੁਲਿਸ ਕੇਡਰ ਵਿਖੇ ਆਉਣ ਦੀਆਂ ਰਜਾਮੰਦੀਆਂ ਦਿੱਤੀਆਂ ਹਨ, ਉਹ ਡੀ.ਐਸ.ਪੀ ਰੈਂਕ ਵਿੱਚ ਤਰੱਕੀਯਾਬ ਹੋ ਰਹੇ ਹਨ ਅਤੇ ਜ਼ੋ ਕ੍ਰਮਚਾਰੀ ਡੀ.ਐਸ.ਪੀ ਰੈਂਕ ਵਿੱਚ ਤਰੱਕੀਯਾਬ ਨਹੀ ਹੋ ਰਹੇ ਉਹਨਾਂ ਨੂੰ ਪੀਏਪੀ ਵਿੱਚ ਨਹੀ ਬਦਲਿਆ ਗਿਆ ਹੈ ।<br><br>ਇਸ ਲਈ ਉਚ ਪੱਧਰੀ ਕਮੇਟੀ ਗਠਿਤ ਕਰਕੇ ਸੀ.ਓ.ਸੀ.ਪੀ ਨੰ: 1492 /2015 ਵਿੱਚ ਮੁੜ ਤੋਂ | 23-12-2016 ਅਤੇ 08-03-2017 ਦੀ ਪਾਲਣਾ ਹਿੱਤ ਪੀਏਪੀ ਅਤੇ ਜਿਲ੍ਹਾ ਪੁਲਿਸ ਦੇ ਕ੍ਰਮਚਾਰੀਆਂ ਦੀ ਮਿਤੀ 01-01-1975 ਤੋਂ ਲੈ ਕੇ 19-02-2008 ਤੱਕ ਮੁੱਖ ਸਿਪਾਹੀ, ਏ.ਐਸ.ਆਈ, ਐਸ.ਆਈ ਅਤੇ ਇੰਸਪੈਕਟਰ ਰੈਂਕ ਵਿੱਚ ਰਿਵਾਈਜਡ ਸਯੁੰਕਤ ਸੀਨੀਆਰਤਾ ਸੂਚੀਆਂ ਜਾਰੀ ਕੀਤੀਆਂ ਗਈਆਂ ਹਨ । ਮਿਤੀ 19-02-2008 ਨੂੰ ਪੰਜਾਬ ਪੁਲਿਸ ਐਕਟ-2007 ਹੋਂਦ ਵਿੱਚ ਆਉਣ ਕਰਕੇ, ਮਾਨਯੋਗ ਡੀ.ਜ਼ੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਸੀਨੀਆਰਤਾ ਸੂਚੀਆਂ ਵਿੱਚ ਜ਼ੋ ਕ੍ਰਮਚਾਰੀ ਮਿਤੀ 20-02-2008 ਨੂੰ ਸਰਵਿੰਗ ਸਨ, ਉਹਨਾਂ ਦੀ ਪੰਜਾਬ ਆਰਮਡ ਪੁਲਿਸ ਕੇਡਰ ਅਤੇ ਜਿਲ੍ਹਾ ਪੁਲਿਸ ਕੇਡਰ ਵਿੱਚ ਕ੍ਰਮਚਾਰੀਆਂ ਤੋਂ ਆਪਸ਼ਨਾਂ ਲੈਣ ਉਪਰੰਤ ਵੰਡ ਕੀਤੀ ਗਈ ਹੈ। ਉਕਤ ਵੰਡ ਮੁਤਾਬਿਕ ਪ੍ਰਤੀਬੇਨਤੀਕਰਤਾਵਾਂ ਅਤੇ ਹੋਰ ਦੂਸਰੇ ਕ੍ਰਮਚਾਰੀ ਜਿਨ੍ਹਾਂ ਨੂੰ ਆਰਮਡ ਪੁਲਿਸ ਕੇਡਰ ਵਿਖੇ ਅਲਾਟ ਕੀਤਾ ਗਿਆ ਸੀ, ਨੂੰ ਮਿਤੀ 20-02-2008 ਤੋਂ ਲੈ ਕੇ ਹੁਣ ਤੱਕ ਆਰਮਡ ਪੁਲਿਸ ਕੇਡਰ ਵਿਖੇ ਖਾਲੀ ਉਪਲਬੱਧ ਅਸਾਮੀਆਂ ਦੇ ਖਿਲਾਫ ਪ੍ਰਪੋਜਡ ਰਿਵਾਈਜਡ ਤਰੱਕੀ ਮਿਤੀਆਂ ਦੇ ਕੇ ਮੁੱਖ ਸਿਪਾਹੀ, ਏ.ਐਸ.ਆਈ, ਐਸ.ਆਈ ਅਤੇ ਇੰਸਪੈਕਟਰ ਰੈਂਕ ਵਿੱਚ ਟੈਂਟਟਿਵ ਸੀਨੀਆਰਤਾ ਸੂਚੀਆਂ ਇਸ ਦਫਤਰ ਵੱਲੋਂ ਜਾਰੀ ਕੀਤੀਆਂ ਗਈਆਂ ਸਨ ।<br><br>ਬਾਕੀ ਦੇ ਨੁਕਤਿਆਂ ਦਾ ਜਵਾਬ ਸੀ.ਪੀ.ਓ, ਪੰਜਾਬ ਚੰਡੀਗੜ੍ਹ ਵਲੋਂ ਦੇਣਾ ਬਣਦਾ ਹੈ। |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | | ਵਿਚਾਰ ਕਰਕੇ ਢੁੱਕਵਾਂ ਜਵਾਬ ਦਾਵਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਾਇਰ ਕਰਨਾ ਚਾਹੀਦਾ ਹੈ ਤਾਂ ਜ਼ੋ ਆਰਮਡ ਪੁਲਿਸ ਕੇਡਰ ਦੇ ਰਿਟਾਇਰਡ ਕ੍ਰਮਚਾਰੀਆਂ ਨਾਲ ਬੇਇੰਸਾਫੀ ਨਾ ਹੋ ਸਕੇ। ਉਹਨਾਂ ਦਾ ਨਾਮ ਡੀ.ਐਸ.ਪੀ ਰੈਂਕ ਦੀ ਤਰੱਕੀ ਵਾਸਤੇ ਮੰਗਵਾਇਆ ਗਿਆ ਸੀ ਜ਼ੋ ਕਿ ਸੀਨੀਆਰਤਾ ਸੂਚੀਆਂ ਦੀ ਭੇਟ ਚੜ ਗਿਆ । ਅੱਜ ਕਲ ਸ਼ੋਸਲ ਮੀਡੀਆ ਦਾ ਜਮਾਨਾ ਹੈ ਅਤੇ ਕਿਸੇ ਪੁਲਿਸ ਕ੍ਰਮਚਾਰੀ ਦੀ ਤਰੱਕੀ /ਰਿਵਰਸ਼ਨ ਬਾਰੇ ਜਨਤਕ ਤੋਰ ਤੇ ਸ਼ੀਘਰ ਪਤਾ ਲੱਗ ਜਾਂਦਾ ਹੈ ਜਿਸ ਦਾ ਸਿੱਧਾ ਅਸਰ ਸਬੰਧਤ ਕ੍ਰਮਚਾਰੀ ਅਤੇ ਉਸ ਦੇ ਪਰਿਵਾਰ ਪਰ ਪੈਂਦਾ ਹੈ, ਜਿਸ ਬਾਰੇ ਸਮਾਜ ਦੀ ਸੋਚ ਉਸ ਪ੍ਰਤੀ ਚੰਗੀ ਨਹੀ ਹੁੰਦੀ । ਉਦਾਰਨ ਦੇ ਤੋਰ ਤੇ ਰੱਬ ਵੱਲੋ ਦਿੱਤੀਆਂ ਗਈ ਬਖਸ਼ਿਸਾਂ ਜ਼ੋ ਡੀ.ਜੀ.ਪੀ ਰੈਂਕ ਅਤੇ ਸੈਕਟਰੀ ਰੈਂਕ ਦੇ ਆਈ.ਪੀ.ਐਸ/ ਆਈ.ਏ.ਐਸ ਅਧਿਕਾਰੀਆਂ ਨੂੰ ਬਖਸ਼ੀਆਂ ਹੋਣ, ਉਹਨਾਂ ਦੇ ਰਿਟਾਇਰ ਜਾਣ ਤੋਂ ਬਾਅਦ ਇਹ ਕਿਹਾ ਜਾਵੇ ਕਿ ਅਧਿਕਾਰੀਆਂ ਦੀ ਸੀਨੀਆਰਤਾ ਸੂਚੀ ਵਿੱਚ ਬਦਲਾਵ ਦਾ ਕੇਸ ਵਿਚਾਰ ਅਧੀਨ ਹੈ ਅਤੇ ਉਹਨਾਂ ਦੇ ਰੈਂਕ ਪਰ ਖਤਰਾ ਮੰਡਰਾ ਰਿਹਾ ਹੈ ਤਾਂ ਇਸ ਬਾਰੇ ਸਬੰਧਤ ਅਧਿਕਾਰੀ ਅਤੇ ਉਸ ਦੇ ਪਰਿਵਾਰ ਉਪਰ ਸਮਾਜ ਵਿੱਚ ਉਹਨਾਂ ਦੇ ਮਾਨ ਸਨਮਾਨ ਪਰ ਅਸਰ ਪੈਣਾ ਸੰਭਾਵਿਕ ਹੈ ਅਤੇ ਇਹ ਹੀ ਯਾਰਡ ਸਟਿਕ ਪੀਏਪੀ ਦੇ ਰਿਟਾਇਰ ਹੋਏ ਅਧਿਕਾਰੀਆਂ | |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | | /ਕ੍ਰਮਚਾਰੀਆਂ ਪਰ ਲਾਗੂ ਹੋਵੇਗਾ । <br><br> ਇਸ ਲਈ ਪੀਏਪੀ ਦੇ ਰਿਟਾਇਰ ਹੋਣ ਅਧਿਕਾਰੀਆਂ /ਕ੍ਰਮਚਾਰੀਆਂ ਦੇ ਨਾਮ ਕਿਸੇ ਵੀ ਨਵੀਂ ਸੀਨੀਆਰਤਾ ਸੂਚੀ ਵਿੱਚ ਦਰਜ ਕਰਨ ਤੋਂ ਛੋਟ ਦਿੱਤੀ ਜਾਵੇ, ਜਿਵੇਂ ਕਿ ਸਪੋਰਟਸਮੈਨਾਂ ਦੇ ਕੇਸਾਂ ਵਿੱਚ ਡਾਇੰਗ /ਐਕਸ ਕੇਡਰ ਦੇ ਕੇ ਉਹਨਾਂ ਦੇ ਮਾਨ ਸਨਮਾਨ, ਰੁਤਬੇ ਅਤੇ ਵਿੱਤੀ ਲਾਭਾਂ ਨੂੰ ਬਰਕਰਾਰ ਰੱਖਿਆ ਗਿਆ ਹੈ । | |
| 8 | 1) ਇੰਸਪੈਕਟਰ ਇਕਬਾਲ ਸਿੰਘ, ਨੰ: 73/ਪੀ.ਆਰ | ਪ੍ਰਤੀਬੇਨਤੀਕਰਤਾ ਨੇ ਇਤਰਾਜ ਲਗਾਇਆ ਹੈ ਕਿ ਉਸਦੇ ਨਾਮ ਅੱਗੇ ਰੀਮਾਰਕਸ ਵਾਲੇ ਕਾਲਮ ਵਿੱਚ ਉਸ ਦੀ ਰਿਟਾਇਰਮੈਂਟ ਮਿਤੀ 31-12-2017 ਨੂੰ ਲਿਖੀ ਗਈ ਹੈ, ਜ਼ਦੋ ਕਿ ਉਹ ਅਜੇ ਰਿਟਾਇਰ ਨਹੀ ਹੋਇਆ ਹੈ ਕਿਉਕਿ ਉਸ ਨੇ ਡਿਸਏਬਿਲਟੀ ਐਕਟ-1995 ਦੇ ਤਹਿਤ ਡਿਸਏਬਲ ਵਿਅਕਤੀਆਂ ਲਈ 60 ਸਾਲ ਦੀ ਬਜਾਏ 62 ਸਾਲ ਰਿਟਾਇਰਮੈਂਟ ਉਮਰ ਹੋਣ ਕਰਕੇ ਸਿਵਲ ਰਿੱਟ ਪਟੀਸ਼ਨ ਨੰ: 27992/ 2017 ਦਾਇਰ ਕੀਤੀ ਹੈ । ਜਿਸ ਦਹ ਅਗਲੀ ਤਾਰੀਕ 27-11-2018 ਹੈ । ਉਸਨੇ ਇਹ ਵੀ ਬੇਨਤੀ ਕੀਤੀ ਹੈ ਕਿ ਉਸ ਨੂੰ ਡਿਸਏਬਿਲਟੀ ਐਕਟ ਮੁਤਾਬਿਕ ਸੀਨੀਆਰਤਾ /ਤਰੱਕੀ ਵੀ ਦਿੱਤੀ ਜਾਵੇ। | ਪੰਜਾਬ ਪੁਲਿਸ ਦੇ ਡਿਸਏਬਲਡ ਕ੍ਰਮਚਾਰੀਆਂ ਨੂੰ ਵੱਖਰੇ ਤੋਰ ਪਰ ਤਰੱਕੀ /ਸੀਨੀਆਰਤਾ ਦੇਣ ਸਬੰਧੀ ਕੋਈ ਰੂਲਜ /ਹਦਾਇਤਾਂ ਨਹੀ ਹਨ, ਕਿਉਕਿ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵੱਲੋਂ ਅਧਿਸੂਚਨਾਂ ਮਿਤੀ 27-08-2014 ਰਾਹੀਂ ਸਮਾਨ ਮੋਕੇ, ਅਧਿਕਾਰਾਂ ਦੀ ਸੁਰੱਖਿਆ ਅਤੇ ਪੂਰਨ ਸਮੂਲੀਅਤ ਐਕਟ-1995 ਦੀ ਧਾਰਾ 33 ਤਹਿਤ ਸੇਵਾ ਦੋਰਾਨ ਅਪੰਗ ਕ੍ਰਮਚਾਰੀਆਂ ਨੂੰ ਤਰੱਕੀ ਵਿੱਚ 3% ਰਿਸਰਵਰੇਸ਼ਨ ਤੋਂ ਛੋਟ ਦਿੱਤੀ ਗਈ ਹੈ । ਪ੍ਰੰਤੂ ਇਸ ਕ੍ਰਮਚਾਰੀ ਦੇ ਨਾਮ ਸਾਹਮਣੇ ਸੀਨੀਆਰਤਾ ਸੂਚੀ ਵਿੱਚ ਉਸਦੀ ਲਿਖੀ ਗਈ ਰਿਟਾਇਰਮੈਂਟ ਮਿਤੀ 31-12-2017 ਨੂੰ ਹਟਾ ਦਿੱਤਾ ਗਿਆ ਹੈ । |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| 9 | 1) ਇੰਸਪੈਕਟਰ ਕਮਲਜੀਤ ਸਿੰਘ, ਨੰ: 258/ਬੀ.ਆਰ<br>2) ਇੰਸਪੈਕਟਰ ਦੀਪਕ ਸਿੰਘ, ਨੰ: 497/ਬੀ.ਆਰ<br>3) ਇੰਸਪੈਕਟਰ ਰਾਜਬੀਰ ਸਿੰਘ, ਨੰ: 333/ਬੀ.ਆਰ<br>4) ਇੰਸਪੈਕਟਰ ਮਨਜੀਤ ਸਿੰਘ, ਨੰ: 221/ਪੀ.ਆਰ<br>5) ਇੰਸਪੈਕਟਰ ਗੁਰਮੀਤ ਸਿੰਘ, ਨੰ: 29/ਜੇ<br>6) ਇੰਸਪੈਕਟਰ ਰਜਨੀਸ਼ ਕੁਮਾਰ, ਨੰ: 94/ਪੀ.ਆਰ | 1) ਪ੍ਰਤੀਬੇਨਤੀਕਰਤਾਵਾਂ ਵੱਲੋਂ ਇਤਰਾਜ ਕੀਤਾ ਗਿਆ ਹੈ ਕਿ ਇੰਸਪੈਕਟਰ ਪਲਵਿੰਦਰ ਸਿੰਘ, ਨੰ: 1069/ਪੀਏਪੀ ਨੂੰ 30-06-2009 ਨੂੰ ਏ.ਐਸ.ਆਈ, ਮਿਤੀ 31-12-2009 ਨੂੰ ਐਸ.ਆਈ ਅਤੇ ਮਿਤੀ 01-01-2010 ਨੂੰ ਇੰਸਪੈਕਟਰ ਬਣਾ ਦਿੱਤਾ ਗਿਆ ਹੈ ਅਤੇ ਉਹ ਹੁਣ ਡੀ.ਐਸ.ਪੀ ਹੈ ਅਤੇ ਉਹਨਾਂ ਨਾਲੋ ਕਾਫੀ ਜੂਨੀਅਰ ਹੈ ।<br><br>2) ਲੜੀ ਨੰ: 59,62 ਅਤੇ 64 ਪਰ ਦਰਜ ਐਸ.ਆਈਜ਼ ਪ੍ਰਤੀਬੇਨਤੀਕਰਤਾਵਾਂ ਤੋਂ ਪਿਛੇ ਹਨ, ਪ੍ਰੰਤੂ ਉਹਨਾਂ ਨੂੰ ਤਰੱਕੀ ਲਿਸਟ ਐਫ ਮਿਤੀ 01-01-2010 ਤੋਂ ਦਿੱਤੀ ਗਈ ਹੈ। | 1) ਇੰਸਪੈਕਟਰ ਪਲਵਿੰਦਰ ਸਿੰਘ, ਨੰ: 1069/ਪੀਏਪੀ ਨੂੰ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਵੱਲੋਂ ਪੀ.ਪੀ.ਆਰ 13.21 ਦੇ ਤਹਿਤ ਮਿਤੀ 27-03-2002 ਤੋਂ ਤਰੱਕੀ ਲਿਸਟ ਈ-2 ਦੇ ਕੇ ਮਿਤੀ 03-04-2002 ਤੋਂ ਬਤੌਰ ਆਫੀਸ਼ੇਟਿੰਗ ਐਸ.ਆਈ ਤਰੱਕੀਯਾਬ ਅਤੇ ਮਿਤੀ 26-08-2006 ਤੋਂ ਵਾਰੀ ਤੋਂ ਪਹਿਲਾ ਤਰੱਕੀ ਲਿਸਟ ਐਫ ਦੇ ਕੇ ਬਤੌਰ ਇੰਸਪੈਕਟਰ ਤਰੱਕੀਯਾਬ ਕੀਤਾ ਗਿਆ ਸੀ । ਇਸ ਕ੍ਰਮਚਾਰੀ ਨੂੰ ਮੁੱਖ ਸਿਪਾਹੀ ਰੈਂਕ ਦੀ ਸੀਨੀਆਰਤਾ ਮੁਤਾਬਿਕ ਮਿਤੀ 30-06-2009 ਤੋਂ ਰਿਵਾਈਜਡ ਏ.ਐਸ.ਆਈ ਤਰੱਕੀ ਮਿਤੀ ਦਿੱਤੀ ਗਈ ਹੈ। ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਪੀਏਪੀ ਅਤੇ ਜਿਲ੍ਹਾ ਪੁਲਿਸ ਦੇ ਕ੍ਰਮਚਾਰੀਆਂ ਦੀਆਂ ਮਿਤੀ 01-01-1975 ਤੋਂ 19-02-2008 ਤੱਕ ਸੁਯੰਕਤ ਸੀਨੀਆਰਤਾ ਸੂਚੀਆਂ ਜਾਰੀ ਕਰਨ ਸਮੇਂ ਇਹ ਫੈਸਲਾ ਲਿਆ ਗਿਆ ਸੀ ਕਿ ਜਿਨ੍ਹਾਂ ਕ੍ਰਮਚਾਰੀਆਂ ਨੂੰ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਵੱਲੋਂ ਪੀ.ਪੀ.ਆਰ 13.21 ਦੇ ਤਹਿਤ, ਅਗਲੇ ਰੈਂਕਾਂ ਵਿੱਚ ਤਰੱਕੀਆਂ ਦਿੱਤੀਆਂ ਗਈਆਂ ਹਨ, ਜੇਕਰ ਉਹਨਾਂ ਦੀਆਂ ਹੇਠਲੇ ਰੈਂਕਾਂ ਵਿੱਚ ਰਿਵਾਈਜਡ ਤਰੱਕੀ ਮਿਤੀਆਂ ਪਿਛੇ ਜਾਦੀਆਂ ਹਨ ਤਾਂ ਉਹਨਾਂ ਨੂੰ ਪੀ.ਪੀ.ਆਰ 13.21 ਦੇ ਤਹਿਤ ਦਿੱਤੀਆਂ ਗਈਆਂ ਤਰੱਕੀਆਂ, ਅਗਲੀਆਂ ਸੰਭਾਵਿਤ ਤਰੱਕੀ ਮਿਤੀਆਂ ਅਨੁਸਾਰ ਦਿੱਤੀਆਂ ਜਾਣ । ਇਸ ਕਰਕੇ ਡੀ.ਐਸ.ਪੀ ਪਲਵਿੰਦਰ ਸਿੰਘ, ਨੰ: 1069/ਪੀਏਪੀ ਨੂੰ ਮਿਤੀ 31-12-2009 ਤੋਂ ਬਤੌਰ ਐਸ.ਆਈ ਅਤੇ ਮਿਤੀ 01-01-2010 ਤੋਂ ਤਰੱਕੀ ਲਿਸਟ ਐਫ ਦਿੱਤੀ ਗਈ ਹੈ। ਇਸ ਲਈ ਪ੍ਰਤੀਬੇਨਤੀਕਰਤਾਵਾਂ ਦਾ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ ।<br><br>2) ਲੜੀ ਨੰ: 59, 62 ਅਤੇ 64 ਪਰ ਦਰਜ ਕ੍ਰਮਚਾਰੀ ਐਸ.ਸੀ. ਕੈਟਾਗਰੀ ਨਾਲ ਸਬੰਧਤ ਹੋਣ ਕਰਕੇ ਇਹਨਾਂ ਨੂੰ ਤਰੱਕੀ ਲਿਸਟ ਐਫ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਿਕ ਰੋਸਟਰ ਪੁਆਇੰਟ ਦੇ ਅਧਾਰ ਪਰ ਮਿਤੀ 01-01-2010 ਤੋਂ |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | | | ਦਿੱਤੀ ਗਈ ਹੈ। ਇਸ ਲਈ ਪ੍ਰਤੀਬੇਨਤੀਕਰਤਾਵਾਂ ਦਾ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ । |
| 10 | 1) ਇੰਸਪੈਕਟਰ ਸੰਜੀਵਨ ਗੁਰੂ, ਨੰ: 0134/ਪੀ.ਆਰ<br>2) ਇੰਸਪੈਕਟਰ ਇੰਦਰਪਾਲ ਸਿੰਘ, ਨੰ: 295/ਜੇ.ਆਰ<br>3) ਇੰਸਪੈਕਟਰ ਸੁਭਾਸ਼ ਚੰਦਰ, ਨੰ: 193/ਜੇ.ਆਰ<br>4) ਇੰਸਪੈਕਟਰ ਸੰਜੀਵ ਕੁਮਾਰ, ਨੰ: 338/ਬੀ.ਆਰ<br>5) ਇੰਸਪੈਕਟਰ ਸੁਖਬੀਰ ਸਿੰਘ ਨੰ: 103/ਪੀ.ਆਰ | ਪ੍ਰਤੀਬੇਨਤੀਕਰਤਾਵਾਂ ਨੇ ਇਤਰਾਜ ਕੀਤਾ ਹੈ ਕਿ ਪੀਏਪੀ ਕੇਡਰ ਦੇ ਸਾਲ-2016 ਵਿੱਚ ਰਿਵਰਸ਼ਨ ਜ਼ੋਨ ਵਿੱਚ ਆਉਣ ਵਾਲੇ ਗਜਟਿਡ ਰੈਂਕ ਦੇ ਪ੍ਰੋਟੈਕਟ ਕੀਤੇ 40 ਕ੍ਰਮਚਾਰੀਆਂ ਵਿੱਚੋਂ 36 ਕ੍ਰਮਚਾਰੀਆਂ ਨੂੰ ਸਾਲ-2016 ਵਿੱਚ ਪੀਏਪੀ ਕੇਡਰ ਵਿੱਚ ਡੀ.ਐਸ.ਪੀ/ਸੀ.ਆਰ ਰੈਂਕ ਵਿੱਚ ਤਰੱਕੀਯਾਬ ਕੀਤੇ ਗਏ 30 ਕ੍ਰਮਚਾਰੀਆਂ ਵਿੱਚੋਂ 26 ਕ੍ਰਮਚਾਰੀ ਆਰਮਡ ਕੇਡਰ ਦੀ ਜਾਰੀ ਕੀਤੀ ਗਈ ਇੰਸਪੈਕਟਰ ਰੈਂਕ ਦੀ ਟੈਂਟਟਿਵ ਸੀਨੀਆਰਤਾ ਸੂਚੀ ਵਿੱਚ ਉਸ ਤੋਂ ਜੂਨੀਅਰ ਹਨ, ਜਿਨ੍ਹਾਂ ਵਿੱਚੋਂ ਕਈ ਬਤੌਰ ਡੀ.ਐਸ.ਪੀ ਰੈਂਕ ਵਿੱਚ ਰੈਗੂਲਰ ਤਰੱਕੀਯਾਬ ਹਨ । ਇਸ ਲਈ ਉਹਨਾਂ ਨੂੰ ਜੂਨੀਅਰ ਕ੍ਰਮਚਾਰੀਆਂ ਦੇ ਬਰਾਬਰ ਡੀ.ਐਸ.ਪੀ ਰੈਂਕ ਵਿੱਚ ਤਰੱਕੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜਾਂ ਫਿਰ ਉਹਨਾਂ ਨੂੰ ਰਿਵਰਟ ਕੀਤਾ ਜਾਵੇ। | ਇਸ ਦਫਤਰ ਵੱਲੋਂ ਅਜੇ ਇੰਸਪੈਕਟਰ ਰੈਂਕ ਦੀ ਸੀਨੀਆਰਤਾ ਜਾਰੀ ਕੀਤੀ ਗਈ ਸੀ । ਪ੍ਰੰਤੂ ਪ੍ਰਤੀਬੇਨਤੀਕਰਤਾਵਾਂ ਵੱਲੋਂ ਡੀ.ਐਸ.ਪੀ ਤਰੱਕੀ ਲਈ ਇਤਰਾਜ ਲਗਾਇਆ ਗਿਆ ਹੈ । ਡੀ.ਐਸ.ਪੀ ਰੈਂਕ ਦੀ ਤਰੱਕੀ ਇੰਸਪੈਕਟਰ ਰੈਂਕ ਤੱਕ ਸੀਨੀਆਰਤਾ ਸੂਚੀਆਂ ਫਾਈਨਲ ਕਰਨ ਤੋਂ ਬਾਅਦ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋ ਕੀਤੀ ਜਾਣੀ ਹੈ । ਇਸ ਲਈ ਜਦੋਂ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਪੁਲਿਸ ਕ੍ਰਮਚਾਰੀਆਂ ਦੀ ਡੀ.ਐਸ.ਪੀ ਰੈਂਕ ਵਿੱਚ ਤਰੱਕੀ ਲਈ ਕੇਸ ਵਿਚਾਰਿਆ ਜਾਂਦਾ ਹੈ ਜਾਂ ਡੀ.ਐਸ.ਪੀ ਰੈਂਕ ਵਿੱਚ ਰਿਵਾਈਜਡ ਸੀਨੀਆਰਤਾ ਸੂਚੀਆਂ ਜਾਰੀ ਕੀਤੀਆਂ ਜਾਦੀਆਂ ਹਨ ਉਸ ਸਮੇਂ ਪ੍ਰਤੀਬੇਨਤੀਕਰਤਾਵਾਂ ਵੱਲੋਂ ਅਜਿਹਾ ਇਤਰਾਜ ਪੇਸ਼ ਕੀਤਾ ਜਾਣਾ ਬਣਦਾ ਹੈ । |
| 11 | 1) ਡੀ.ਐਸ.ਪੀ ਪਲਵਿੰਦਰ ਸਿੰਘ, ਨੰ: 1069/ਪੀਏਪੀ | ਪ੍ਰਤੀਬੇਨਤੀਕਰਤਾ ਨੇ ਬੇਨਤੀ ਕੀਤੀ ਹੈ ਕਿ ਉਹ ਮਿਤੀ 22-03-1984 ਦਾ ਸਿਪਾਹੀ ਭਰਤੀ ਹੈ, ਮਿਤੀ 01-03-2000 ਤੋਂ ਤਰੱਕੀ ਲਿਸਟ ਡੀ ਤੋਂ ਬਾਅਦ ਮਿਤੀ 26-12-2001 ਤੋਂ ਬਤੌਰ ਏ.ਐਸ.ਆਈ, | ਇੰਸਪੈਕਟਰ ਪਲਵਿੰਦਰ ਸਿੰਘ, ਨੰ: 1069/ਪੀਏਪੀ ਨੂੰ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਵੱਲੋਂ ਪੀ.ਪੀ.ਆਰ 13.21 ਦੇ ਤਹਿਤ ਮਿਤੀ 27-03-2002 ਤੋਂ ਤਰੱਕੀ ਲਿਸਟ ਈ-2 ਦੇ ਕੇ ਮਿਤੀ 03-04-2002 ਤੋਂ ਬਤੌਰ ਆਫੀਸ਼ੇਟਿੰਗ ਐਸ.ਆਈ ਤਰੱਕੀਯਾਬ ਅਤੇ ਮਿਤੀ 26-08-2006 ਤੋਂ ਵਾਰੀ ਤੋਂ ਪਹਿਲਾ ਤਰੱਕੀ ਲਿਸਟ ਐਫ ਦੇ ਕੇ ਬਤੌਰ ਇੰਸਪੈਕਟਰ |

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| | | ਮਿਤੀ 27-03-2002 ਤੋਂ ਤਰੱਕੀ ਲਿਸਟ-ਈ ਤੋਂ ਬਾਅਦ ਮਿਤੀ 03-04-2002 ਤੋਂ ਬਤੌਰ ਐਸ.ਆਈ ਅਤੇ ਮਿਤੀ 26-08-2006 ਤੋਂ ਆਊਟ ਆਫ ਟਰਨ ਤਰੱਕੀ ਲਿਸਟ ਐਫ ਅਤੇ ਮਿਤੀ 08-02-2018 ਤੋਂ ਬਤੌਰ ਡੀ.ਐਸ.ਪੀ ਰੈਗੂਲਰ ਤਰੱਕੀਯਾਬ ਕੀਤਾ ਗਿਆ ਹੈ । ਹੁਣ ਉਸ ਨੂੰ ਰਿਵਾਈਜਡ ਤਰੱਕੀ ਮਿਤੀਆਂ ਦਿੱਤੀਆਂ ਗਈਆਂ ਹਨ ਅਤੇ ਉਸ ਦੇ ਬੈਚਮੈਟ ਸ਼੍ਰੀ ਪੂਰਨ ਚੰਦ, 1026/ਪੀਏਪੀ ਦਾ ਨਾਮ ਇੰਸਪੈਕਟਰ ਰੈਂਕ ਦੀ ਟੈਂਟਟਿਵ ਸੀਨੀਆਰਤਾ ਵਿਚ ਸ਼ਾਮਲ ਨਹੀ ਹੈ । ਇਸ ਲਈ ਉਸ ਨੂੰ ਪਹਿਲਾਂ ਦਿੱਤੀਆਂ ਤਰੱਕੀਆਂ ਬਰਕਰਾਰ ਰੱਖੀਆਂ ਜਾਣ ਜਿਵੇਂ ਕਿ ਉਸ ਦੇ ਬੈਚਮੈਟ ਸ਼੍ਰੀ ਪੂਰਨ ਚੰਦ, 1026/ਪੀਏਪੀ ਦੀਆਂ ਰੱਖੀਆਂ ਗਈਆਂ ਹਨ । | ਤਰੱਕੀਯਾਬ ਕੀਤਾ ਗਿਆ ਸੀ । ਇਸ ਕ੍ਰਮਚਾਰੀ ਨੂੰ ਮੁੱਖ ਸਿਪਾਹੀ ਰੈਂਕ ਦੀ ਸੀਨੀਆਰਤਾ ਮੁਤਾਬਿਕ ਮਿਤੀ 30-06-2009 ਤੋਂ ਰਿਵਾਈਜਡ ਏ.ਐਸ.ਆਈ ਤਰੱਕੀ ਮਿਤੀ ਦਿੱਤੀ ਗਈ ਹੈ। ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਪੀਏਪੀ ਅਤੇ ਜਿਲ੍ਹਾ ਪੁਲਿਸ ਦੇ ਕ੍ਰਮਚਾਰੀਆਂ ਦੀਆਂ ਮਿਤੀ 01-01-1975 ਤੋਂ 19-02-2008 ਤੱਕ ਪੀਏਪੀ ਅਤੇ ਜਿਲ੍ਹਾ ਪੁਲਿਸ ਦੇ ਕ੍ਰਮਚਾਰੀਆਂ ਦੀਆਂ ਜਾਰੀ ਕੀਤੀਆਂ ਸੁਯੰਕਤ ਸੀਨੀਆਰਤਾ ਸੂਚੀਆਂ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਜਿਨ੍ਹਾਂ ਕ੍ਰਮਚਾਰੀਆਂ ਨੂੰ ਪੀ.ਪੀ.ਆਰ 13.21 ਦੇ ਤਹਿਤ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਵੱਲੋਂ ਅਗਲੇ ਰੈਂਕਾਂ ਵਿੱਚ ਤਰੱਕੀਆਂ ਦਿੱਤੀਆਂ ਗਈਆਂ ਹਨ, ਜੇਕਰ ਉਹਨਾਂ ਦੀਆਂ ਹੇਠਲੇ ਰੈਂਕਾਂ ਵਿੱਚ ਰਿਵਾਈਜਡ ਤਰੱਕੀ ਮਿਤੀਆਂ ਪਿਛੇ ਜਾਦੀਆਂ ਹਨ ਤਾਂ ਉਹਨਾਂ ਨੂੰ ਪੀ.ਪੀ.ਆਰ 13.21 ਦੇ ਤਹਿਤ ਦਿੱਤੀਆਂ ਗਈਆਂ ਤਰੱਕੀਆਂ, ਅਗਲੀਆਂ ਸੰਭਾਵਿਤ ਤਰੱਕੀ ਮਿਤੀਆਂ ਦਿੱਤੀਆਂ ਜਾਣ । ਇਸ ਕਰਕੇ ਡੀ.ਐਸ.ਪੀ ਪਲਵਿੰਦਰ ਸਿੰਘ, ਨੰ: 1069/ਪੀਏਪੀ ਨੂੰ ਮਿਤੀ 31-12-2009 ਤੋਂ ਬਤੌਰ ਐਸ.ਆਈ ਅਤੇ ਮਿਤੀ 01-01-2010 ਤੋਂ ਤਰੱਕੀ ਲਿਸਟ ਐਫ ਦਿੱਤੀ ਗਈ ਹੈ। ਜਦੋ ਕਿ ਸ਼੍ਰੀ ਪੂਰਨ ਚੰਦ, ਨੰ: 1026/ਪੀਏਪੀ ਨੂੰ ਮਾਨਯੋਗ ਡੀ.ਜੀ.ਪੀ ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਮਿਤੀ 06-08-2005 ਤੋਂ ਬਤੌਰ ਏ.ਐਸ.ਆਈ, ਮਿਤੀ 07-08-2005 ਤੋਂ ਬਤੌਰ ਐਸ.ਆਈ ਅਤੇ ਮਿਤੀ 26-08-2006 ਤੋਂ ਤਰੱਕੀ ਲਿਸਟ ਐਫ ਦਿੱਤੀ ਗਈ ਹੈ । ਇਸ ਅਧਿਕਾਰੀ ਦੀ ਤਰੱਕੀ ਲਿਸਟ ਐਫ ਦੀ ਮਿਤੀ 26-08-2006 ਪਹਿਲਾਂ ਵਾਲੀ ਹੀ ਰਹਿ ਗਈ ਸੀ ਕਿਉਕਿ ਇਸ ਨੂੰ ਰਿਵਾਈਜਡ ਐਸ.ਆਈ ਤਰੱਕੀ ਮਿਤੀ 07-08-2005 ਦਿੱਤੀ ਗਈ ਸੀ। ਇਸ ਲਈ ਪ੍ਰਤੀਬੇਨਤੀਕਰਤਾ ਦਾ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ। |

<table>
<tr><th>ਲੜੀ ਨੰ:</th><th>ਪ੍ਰਤੀਬੇਨਤੀਕਰਤਾਵਾਂ ਦੇ ਨਾਮ</th><th>ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ</th><th colspan="3">ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ</th></tr>
<tr><td rowspan="7">12</td><td rowspan="7">1) ਇੰਸ:/ਐਲ.ਆਰ ਮਨਜਿੰਦਰ ਪਾਲ ਸਿੰਘ ਨੰ:707/ਬੀ.ਆਰ (ਐਸ.ਆਈ ਸੀਨੀਆਰਤਾ ਨੰਬਰ 2491) (ਜਨਮ ਮਿਤੀ: 15-05-1953)<br>2) ਇੰਸਪੈਕਟਰ ਜੁਗਲ ਕਿਸ਼ੋਰ, ਨੰ: 813/ਬੀ.ਆਰ (ਐਸ.ਆਈ ਸੀਨੀਆਰਤਾ ਨੰਬਰ 3051) (ਰਿਟਾਇਰਮੈਂਟ 30-04-2014)<br>3) ਇੰਸ: ਸਿੰਕਦਰ ਸਿੰਘ ਨੰ: 917/ਬਠਿੰਡਾ (ਰਿਟਾਇਰਡ) (ਐਸ.ਆਈ ਸੀਨੀਆਰਤਾ ਨੰਬਰ 3241) (ਜਨਮ ਮਿਤੀ: 07-07-1956)<br>4) ਇੰਸ:/ਐਲ.ਆਰ ਰਮੇਸ਼ ਕੁਮਾਰ ਨੰ: 870/ਬੀ.ਆਰ (ਐਸ.ਆਈ ਸੀਨੀਆਰਤਾ ਨੰਬਰ 3322) (ਜਨਮ ਮਿਤੀ: 31-01-1958)<br>5) ਇੰਸ:/ਐਲ.ਆਰ ਦਵਿੰਦਰ ਸਿੰਘ 370/ਜੀ.ਆਰ.ਪੀ (ਰਿਟਾਇਰਡ) (ਐਸ.ਆਈ ਸੀਨੀਆਰਤਾ ਨੰਬਰ 3359) (ਜਨਮ ਮਿਤੀ: 31-03-1957)<br>6) ਇੰਸ:/ਐਲ.ਆਰ ਸੁਰਿੰਦਰ ਕੁਮਾਰ ਨੰ:709/ਬੀ.ਆਰ (ਐਸ.ਆਈ ਸੀਨੀਆਰਤਾ ਨੰਬਰ 3399) (ਜਨਮ ਮਿਤੀ: 28-04-1952)<br>7) ਐਸ.ਆਈ ਰਜਿੰਦਰ ਪ੍ਰਸ਼ਾਦ, ਨੰ: 124/ਗੁਰਦਾਸਪੁਰ (ਐਸ.ਆਈ ਸੀਨੀਆਰਤਾ ਨੰਬਰ 3799) (ਜਨਮ ਮਿਤੀ: 02-01-1959)</td><td rowspan="7">ਪ੍ਰਤੀਬੇਨਤੀਕਰਤਾਵਾਂ ਨੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਤਰੱਕੀ ਲਿਸਟ 'ਐਫ਼' ਲਈ ਨਹੀਂ ਵਿਚਾਰਿਆ ਗਿਆ ਹੈ। ਇਸ ਲਈ ਉਨ੍ਹਾਂ ਦੇ ਨਾਮ ਤਰੱਕੀ ਲਿਸਟ 'ਐਫ਼' ਲਈ ਵਿਚਾਰ ਕੇ ਬਣਦੀ ਸੀਨੀਆਰਤਾ ਦਿੱਤੀ ਜਾਵੇ।</td><td colspan="3">ਪ੍ਰਤੀਬੇਨਤੀਕਰਤਾਵਾਂ ਨੂੰ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ, ਪੁਲਿਸ ਕ੍ਰਮਚਾਰੀਆਂ ਦੀ ਮਿਤੀ 20-02-2008 ਤੋਂ ਕੀਤੀ ਗਈ ਵੰਡ ਤੋਂ ਬਾਅਦ ਆਰਮਡ ਪੁਲਿਸ ਕੇਡਰ ਅਲਾਟ ਕੀਤਾ ਗਿਆ ਸੀ। ਮਿਤੀ 20-02-2008 ਤੋਂ ਬਾਅਦ ਆਰਮਡ ਪੁਲਿਸ ਕੇਡਰ ਦੇ ਕ੍ਰਮਚਾਰੀਆਂ ਦੀ ਜਾਰੀ ਕੀਤੀ ਰਿਵਾਈਜਡ ਟੈਂਟਟਿਵ ਤਰੱਕੀ ਲਿਸਟ ਐਫ ਦੀ ਸੀਨੀਆਰਤਾ ਸੂਚੀ ਮੁਤਾਬਿਕ, ਪ੍ਰਤੀਬੇਨਤੀਕਰਤਾਵਾਂ ਤੋਂ ਸੀਨੀਆਰਤਾ ਸੂਚੀ ਵਿਚ ਸੀਨੀਆਰ ਹੇਠ ਲਿਖੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਅਨੁਸਾਰ ਤਰੱਕੀ ਲਿਸਟ 'ਐਫ਼' ਦਿੱਤੀ ਗਈ ਹੈ। ਪ੍ਰੰਤੂ ਪ੍ਰਤੀਬੇਨਤੀਕਰਤਾ ਤਰੱਕੀ ਲਿਸਟ 'ਐਫ਼' ਮਿਲਣ ਦੀ ਮਿਤੀ ਨੂੰ 58 ਸਾਲ ਦੀ ਉਮਰ ਤੋਂ ਜਿਆਦਾ ਹੋ ਚੁੱਕੇ ਸਨ ਜਾਂ ਸਰਵਿਸ ਤੋ ਰਿਟਾਇਰ ਹੋ ਚੁੱਕੇ ਸਨ, ਇਸ ਕਰਕੇ ਉਨ੍ਹਾਂ ਨੂੰ ਰਿਵਾਇਜ਼ਡ ਤਰੱਕੀ ਲਿਸਟ 'ਐਫ਼' ਦੀ ਮਿਤੀ ਨਹੀਂ ਦਿੱਤੀ ਗਈ ਹੈ। ਇਸ ਲਈ ਪ੍ਰਤੀਬੇਨਤੀਕਰਤਾਵਾਂ ਦੇ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤੇ ਜਾਂਦੇ ਹਨ।</td></tr>
<tr><td>ਐਸ.ਆਈ ਸੀਨੀਆਰਤਾ ਨੰਬਰ</td><td>ਰੈਂਕ ਨਾਮ ਅਤੇ ਰੈਜੀਮੈਂਟਲ ਨੰਬਰ</td><td>ਤਰੱਕੀ ਲਿਸਟ ਐਫ਼</td></tr>
<tr><td>2482</td><td>ਡੀ.ਐਸ.ਪੀ/ਸੀ.ਆਰ ਸੁਖਦੇਵ ਸਿੰਘ 129/ਪੀ.ਏ.ਪੀ</td><td>28-04-2016</td></tr>
<tr><td>3048</td><td>ਡੀ.ਐਸ.ਪੀ ਬਲਵਿੰਦਰ ਸਿੰਘ 527/ਪੀ.ਏ.ਪੀ</td><td>28-01-2015</td></tr>
<tr><td>3227</td><td>ਬਲਵਿੰਦਰ ਸਿੰਘ 133/ਫ਼ਰੀਦਕੋਟ</td><td>28-04-2016</td></tr>
<tr><td>3319</td><td>ਐਸ.ਆਈ ਪ੍ਰਗਟ ਸਿੰਘ 1758/ਫ਼ਿਰੋਜਪੁਰ</td><td>28-04-2016</td></tr>
<tr><td>3794</td><td>ਇੰਸ: ਦੇਸ ਰਾਜ, ਨੰ: 211/ਪੀਏਪੀ</td><td>31-12-2017</td></tr>
</table>

| ਲੜੀ ਨੰ: | ਪ੍ਰਤੀਬੇਨਤੀਕਰਤਾਵਾਂ ਦੇ ਨਾਮ | ਪ੍ਰਤੀਬੇਨਤੀਕਰਤਾਵਾਂ ਵੱਲੋਂ ਉਠਾਏ ਗਏ ਇਤਰਾਜ ਦਾ ਵੇਰਵਾ | ਦਫਤਰ ਦੇ ਰਿਕਾਰਡ ਮੁਤਾਬਿਕ ਇਤਰਾਜਾਂ ਸਬੰਧੀ ਲਏ ਗਏ ਫੈਸਲੇ ਦਾ ਵੇਰਵਾ |
|---|---|---|---|
| 13 | 1) ਇੰਸਪੈਕਟਰ ਜ਼ੋਗਿੰਦਰ ਸਿੰਘ, ਨੰ: 1178/ਪੀਏਪੀ | ਪ੍ਰਤੀਬੇਨਤੀਕਰਤਾ ਵੱਲੋਂ ਇਤਰਾਜ ਕੀਤਾ ਗਿਆ ਹੈ ਕਿ ਉਸਦੀ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਨਵੀ ਸੀਨੀਆਰਤਾ ਸੂਚੀ ਫਿਕਸ ਕੀਤੀ ਗਈ ਹੈ, ਜਿਸ ਨਾਲ ਉਸ ਨੂੰ ਨੁਕਸਾਨ ਹੁੰਦਾ ਹੈ। ਇਸ ਲਈ ਪੁਰਾਣੀ ਸੀਨੀਆਰਤਾ ਸੂਚੀ ਹੀ ਰਹਿਣ ਦਿੱਤੀ ਜਾਵੇ । | ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਮਿਤੀ 20-02-2008 ਤੋਂ ਬਾਅਦ ਪੁਲਿਸ ਕ੍ਰਮਚਾਰੀਆਂ ਦੀ ਆਰਮਡ ਪੁਲਿਸ ਕੇਡਰ ਅਤੇ ਜਿਲ੍ਹਾ ਪੁਲਿਸ ਕੇਡਰ ਵਿੱਚ ਕੀਤੀ ਗਈ ਵੰਡ ਮੁਤਾਬਿਕ ਇਸ ਕ੍ਰਮਚਾਰੀ ਨੂੰ ਜਿਲ੍ਹਾ ਪੁਲਿਸ ਕੇਡਰ ਅਲਾਟ ਕੀਤਾ ਗਿਆ ਹੈ। ਪੰਜਾਬ ਪੁਲਿਸ ਐਕਟ-2007 ਦੀ ਸੈਕਸ਼ਨ 4(ਬੀ) ਮੁਤਾਬਿਕ ਇਸ ਕ੍ਰਮਚਾਰੀ ਨੂੰ ਅਗਲੇ ਰੈਂਕਾਂ ਵਿੱਚ ਰਿਵਾਈਜਡ ਤਰੱਕੀ ਮਿਤੀਆਂ ਜਿਲ੍ਹਾ ਪੁਲਿਸ ਕੇਡਰ ਦੀ ਸੀਨੀਆਰਤਾ ਮੁਤਾਬਿਕ ਦਿੱਤੀਆਂ ਗਈਆਂ ਹਨ । ਇਸ ਲਈ ਪ੍ਰਤੀਬੇਨਤੀਕਰਤਾ ਦਾ ਇਤਰਾਜ ਨਿਰਅਧਾਰ ਹੋਣ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ। |
| 14 | 1) ਇੰਸਪੈਕਟਰ ਰਾਮ ਪਾਲ, ਨੰ: 1054/ਪੀਏਪੀ | ਪ੍ਰਤੀਬੇਨਤੀਕਰਤਾ ਇਤਰਾਜ ਕੀਤਾ ਹੈ ਕਿ ਉਸ ਨੇ ਜਿਲ੍ਹਾ ਪੁਲਿਸ ਵਿਖੇ ਸੀਨੀਆਰਤਾ ਲੈਣ ਸਬੰਧੀ ਮਾਨਯੋਗ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਪਾਈ ਹੈ, ਜਿਸ ਦੀ ਅਗਲੀ ਤਾਰੀਕ 07-03-2019 ਹੈ । ਜੇਕਰ ਕੋਰਟ ਦੇ ਫੈਸਲੇ ਤੋਂ ਪਹਿਲਾਂ ਉਸ ਨੂੰ ਜਿਲ੍ਹਾ ਪੁਲਿਸ ਕੇਡਰ ਅਲਾਟ ਕੀਤਾ ਜਾਂਦਾ ਹੈ ਤਾਂ ਉਹ ਬਾਰਡਰ ਰੇਂਜ ਅੰਮ੍ਰਿਤਸਰ ਵਿਖੇ ਜਾਣ ਲਈ ਤਿਆਰ ਹੈ । | ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵੱਲੋਂ ਮਿਤੀ 20-02-2008 ਤੋਂ ਬਾਅਦ ਪੁਲਿਸ ਕ੍ਰਮਚਾਰੀਆਂ ਦੀ ਜਿਲਾ ਪੁਲਿਸ ਕੇਡਰ ਅਤੇ ਆਰਮਡ ਪੁਲਿਸ ਕੇਡਰ ਵਿੱਚ ਕੀਤੀ ਗਈ ਵੰਡ ਮੁਤਾਬਿਕ, ਇਸ ਕ੍ਰਮਚਾਰੀ ਨੂੰ ਜ਼ਿਲਾ ਪੁਲਿਸ ਕੇਡਰ ਅਲਾਟ ਕਰ ਦਿੱਤਾ ਗਿਆ ਹੈ । |